ਸਥਾਪਤ 1903



ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ



ਜਿਲਦ : 119 | ਅੰਕ : 118 | ਮਈ 2023 | ਭੇਟਾ - 10/- ਰੁਪੈ


## ਪੰਜਾਬ ਦੇ ਪ੍ਰਸਿੱਧ ਸਿਆਸੀ ਆਗੂ 95 ਸਾਲਾ ਸ੍ਰ. ਬਾਦਲ ਦੀ ਫਾਨੀ ਸੰਸਾਰ ਨੂੰ ਅਲਵਿਦਾ

## ਦੀਵਾਨ ਦੇ ਅਹੁਦੇਦਾਰਾਂ ਸਮੇਤ ਉੱਘੀਆਂ ਹਸਤੀਆਂ ਨੇ ਸ੍ਰ. ਬਾਦਲ ਨੂੰ ਦਿੱਤੀ ਭਾਵਭਿੰਨੀ ਸ਼ਰਧਾਂਜਲੀ

## ਡਾ. ਨਿੱਜਰ, ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਮੁੱਖ ਮੰਤਰੀ ਪੰਜਾਬ ਆਦਿ ਨੇ ਬਾਦਲ ਪਰਿਵਾਰ ਨਾਲ ਸਾਂਝਾ ਕੀਤਾ ਦੁੱਖ

## ਅਰਦਾਸ ਸਮਾਗਮ ਵਿਚ ਦੇਸ਼ ਦੇ ਦਿਗਜ਼ ਨੇਤਾ ਅਤੇ ਲੱਖਾਂ ਲੋਕ ਪੁੱਜੇ ਪਿੰਡ ਬਾਦਲ

## ਸ੍ਰ. ਸੁਖਬੀਰ ਸਿੰਘ ਬਾਦਲ ਨੇ ਹੋਈਆਂ ਭੁੱਲਾਂ ਲਈ ਸਮੁੱਚੇ ਪੰਥ ਅਤੇ ਪੰਜਾਬੀਆਂ ਤੋ ਮੰਗੀ ਮੁਆਫੀ



ਪੰਜਾਬ ਦੀ ਸਿਆਸਤ ਵਿਚ 70 ਸਾਲ ਸਰਗਰਮ ਰਹਿਣ ਵਾਲੇ ਉੱਘੇ 95 ਸਾਲਾ ਸਿਆਸੀ ਆਗੂ ਸ੍ਰ.ਪ੍ਰਕਾਸ਼ ਸਿੰਘ ਬਾਦਲ ਇਸ ਫਾਨੀ ਸੰਸਾਰ ਤੋ ਰੁਖਸਤ ਹੋ ਗਏ। ਸ੍ਰ.ਪ੍ਰਕਾਸ਼ ਸਿੰਘ ਬਾਦਲ ਨੂੰ ਪਿੰਡ ਦੀ ਸਰਪੰਚੀ ਤੋ ਲੈ ਕੇ 11 ਸਾਲ ਐਮ.ਐਲ.ਏ ਬਣਨ ਅਤੇ ਪੰਜਾਬ ਦੇ 5 ਵਾਰ ਮੁੱਖ ਮੰਤਰੀ ਬਣਨ ਦਾ ਮਾਣ ਪ੍ਰਾਪਤ ਰਿਹਾ ਹੈ। ਉਹਨਾਂ ਨੇ ਪ੍ਰਸਿੱਧ ਪੰਥਕ ਸਿਆਸੀ ਆਗੂ ਗਿਆਨੀ ਕਰਤਾਰ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਆਸਤ ਵਿਚ ਪ੍ਰਵੇਸ਼ ਕੀਤਾ ਅਤੇ ਪਹਿਲੀ ਵਾਰ ਸਾਲ 1957 ਵਿਚ ਐਮ.ਐਲ.ਏ ਬਣਨ ਦਾ ਮਾਣ ਹਾਸਲ ਕੀਤਾ।





ਸ.ਬਾਦਲ ਨੇ ਆਪਣੇ ਜੀਵਨ ਵਿਚ ਬਹੁਤ ਵਾਰ ਸਿਆਸਤ ਨਾਲ ਸਬੰਧਤ ਸਰਗਰਮੀਆਂ ਦੇ ਫਲਸਰੂਪ ਲਗਭਗ 17 ਸਾਲ ਜੇਲਾਂ ਵੀ ਕੱਟੀਆਂ। ਆਪ ਨੂੰ ਪ੍ਰਸਿੱਧ ਅਕਾਲੀ ਆਗੂ ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਸ.ਜਗਦੇਵ ਸਿੰਘ ਤਲਵੰਡੀ, ਜਥੇਦਾਰ ਗੁਰਚਰਨ ਸਿੰਘ ਟੋਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਆਦਿ ਨਾਲ ਨੇੜੇ ਹੋ ਕੇ ਪੰਥਕ ਖੇਤਰ ਵਿਚ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ। ਆਪ ਜੀ ਵਿਦਿਅਕ ਪੱਖੋ ਗਰੈਜੁਏਟ ਸਨ ਅਤੇ ਵਧੇਰੇ ਪੜ੍ਹਾਈ ਆਪ ਜੀ ਨੇ ਲਾਹੌਰ ਦੇ ਕਾਲਜ ਤੋ ਪ੍ਰਾਪਤ ਕੀਤੀ ਸੀ। ਆਪ ਜੀ ਨੇ ਆਪਣੇ ਸਿਆਸੀ ਜੀਵਨ ਵਿਚ ਬਹੁਤ ਉਤਰਾਅ ਅਤੇ ਚੜਾਅ ਦੇਖੇ ਇਕ ਸਿਆਸੀ ਨੇਤਾ ਵਜੋਂ ਆਪ ਜੀ ਦਾ ਮੀਰੀ ਗੁਣ ਸੀ ਹਰ ਇਕ ਨੂੰ ਖਿੜੇ ਮੱਥੇ ਮਿਲਣਾ ਅਤੇ ਵੱਡੇ ਛੋਟੇ ਨੂੰ ਸਤਿਕਾਰ ਸਹਿਤ ਸੰਬੋਧਨ ਕਰਨਾ। ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਦੀ ਸਰਕਾਰ ਟੁੱਟਣ ਉਪਰੰਤ ਕੇਂਦਰ ਵਿਚ ਪਹਿਲੀ ਵਾਰ ਬਣੀ ਜਨਤਾ ਸਰਕਾਰ ਵਿਚ ਪ੍ਰਧਾਨ ਮੰਤਰੀ ਮੋਰਾਜੀ ਡਿਸਾਈ ਦੇ ਮੰਤਰੀ ਮੰਡਲ ਵਿਚ ਬਤੌਰ ਕੇਂਦਰੀ ਮੰਤਰੀ ਕੰਮ ਕਰਨ ਦਾ ਮੌਕਾ ਵੀ ਮਿਲਿਆ ਪਰ ਆਪ ਜੀ ਦਾ ਲਗਾਉ ਵਧੇਰੇ ਪੰਜਾਬ ਨਾਲ ਹੋਣ ਕਾਰਨ ਆਪ ਨੇ ਕੇਂਦਰੀ ਮੰਤਰੀ ਮੰਡਲ ਤੋ ਅਸਤੀਫਾ ਦੇ ਕੇ ਪੰਜਾਬ ਦੀ ਸਿਆਸਤ ਵਿਚ ਮੁੜ ਕਦਮ ਰੱਖਿਆ ਅਤੇ ਪੰਜਾਬ ਦੀਆਂ ਹੋਈਆਂ ਚੋਣਾਂ ਉਪਰੰਤ ਸ.ਬਾਦਲ ਨੇ ਪਹਿਲੀ ਵਾਰ ਮੁੱਖ ਮੰਤਰੀ ਵਜੋਂ ਅਹੁੱਦਾ ਸੰਭਾਲਿਆ।

ਦੇਸ਼ ਦੀਆਂ ਲਗਭਗ ਸਾਰੀਆਂ ਪਾਰਟੀਆਂ ਨੇ ਸਿਆਸੀ ਗੁੱਟਬੰਦੀ ਤੋ ਉਪਰ ਉਠਦਿਆਂ ਪੰਜਾਬ ਦੇ ਇਸ ਉਚ ਕੋਟੀ ਦੇ ਸਿਆਸੀ ਆਗੂ ਸ.ਪ੍ਰਕਾਸ਼ ਸਿੰਘ ਬਾਦਲ ਨੂੰ ਭਾਵ-ਭਿੰਨੀ ਸ਼ਰਧਾਂਜ਼ਲੀ ਅਰਪਿਤ ਕਰਦਿਆਂ ਉਹਨਾਂ ਦੇ ਅਕਾਲ ਚਲਾਣੇ ਨੂੰ ਸਮੁੱਚੇ ਦੇਸ਼ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਉੱਚੇਚੇ ਤੌਰ ਤੇ ਸ.ਬਾਦਲ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਚੰਡੀਗੜ੍ਹ ਪੁੱਜੇ।

**ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ** ਮਹਾਨ ਸਿਆਸੀ ਸ਼ਖਸੀਅਤ ਅਕਾਲੀ ਦਲ ਦੇ ਸਰਪ੍ਰਸਤ ਸ.ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਤੇ ਵਿਸ਼ੇਸ਼ ਇਕੱਤਰਤਾ ਕਰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ.ਸਵਿੰਦਰ ਸਿੰਘ ਕੱਥੂਨੰਗਲ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਸ.ਬਾਦਲ ਨੇ 70 ਸਾਲ ਦੇ ਆਪਣੇ ਲੰਬੇ ਅਤੇ ਸਨਮਾਨਿਤ ਸਿਆਸੀ ਸਫ਼ਰ ਦੌਰਾਨ ਦੇਸ਼ ਦੇ ਸਭ ਤੋ ਛੋਟੇ ਅਤੇ ਸਭ ਤੋ ਵੱਡੀ ਉਮਰ ਦੇ ਮੁੱਖ ਮੰਤਰੀ ਬਨਣ ਦਾ ਮਾਣ ਹਾਸਿਲ ਕੀਤਾ ਹੈ। ਉਹਨਾਂ ਕਿਹਾ ਕਿ ਅਜਿਹੇ ਦਿੱਗਜ ਨੇਤਾ ਦਾ ਤੁਰ ਜਾਣਾ ਪਰਿਵਾਰ ਲਈ ਹੀ ਨਹੀਂ ਸਗੋ ਪੂਰੇ ਸੂਬੇ ਅਤੇ ਦੇਸ਼ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਸਵਰਗੀ ਸ.ਬਾਦਲ ਦੀਆ ਸੂਬੇ ਦੇ ਵਿਕਾਸ ਪ੍ਰਤਿ ਨਿਭਾਈਆ ਵੱਡਮੁੱਲੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਦੀਵਾਨ ਅਹੁਦੇਦਾਰਾਂ ਅਤੇ ਮੈਬਰ ਸਾਹਿਬਾਨ ਨੇ ਪਰਿਵਾਰ ਨਾਲ ਹਮਦਰਦੀ ਪ੍ਰਟਾਉਂਦਿਆ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬੱਖਸ਼ਣ ਦੀ ਅਰਦਾਸ ਕੀਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ.ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਸ.ਜਗਜੀਤ ਸਿੰਘ, ਆਨਰੇਰੀ ਜੁਆਇੰਟ ਸਕੱਤਰ ਸ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਸਰਬਜੀਤ ਸਿੰਘ ਛੀਨਾ, ਡਾ.ਸੂਬਾ ਸਿੰਘ, ਪ੍ਰਿੰਸੀਪਲ ਮਨਦੀਪ ਸਿੰਘ ਅਤੇ ਹੋਰਨਾਂ ਨੇ ਵੀ ਸ.ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ਤੇ ਦੁਖ ਦਾ ਇਜ਼ਹਾਰ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ।

**ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਜੁਆਇੰਟ ਸਕੱਤਰ ਸ.ਸੁਖਜਿੰਦਰ ਸਿੰਘ ਪ੍ਰਿੰਸ ਨੇ ਨਿੱਜੀ ਤੌਰ ਤੇ ਪਿੰਡ ਬਾਦਲ ਪਹੁੰਚ ਕੇ ਸ.ਸੁਖਬੀਰ ਸਿੰਘ ਬਾਦਲ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਸ.ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਕਿਹਾ ਕਿ ਸ.ਪ੍ਰਕਾਸ਼ ਸਿੰਘ ਬਾਦਲ ਦਾ ਵਿਛੋੜਾ ਕੇਵਲ ਪਰਿਵਾਰ ਲਈ ਨਹੀਂ ਸਮੁੱਚੇ ਪੰਜਾਬ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।**



# ਸੰਪਾਦਕੀ

## ਬੇਅਦਬੀਆਂ ਕੀਤੀਆਂ ਜਾ ਰਹੀਆਂ ਹਨ ਜਾਂ ਕਰਵਾਈਆ ਜਾ ਰਹੀਆਂ ਹਨ?

ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਪਾਵਨ ਧਰਮ-ਗ੍ਰੰਥ ਹੈ ਜਿਸ ਅੱਗੇ ਵਿਸ਼ਵ ਦਾ ਹਰ ਵਿਅਕਤੀ ਨਤਮਸਤਕ ਹੋਣ ਵਿਚ ਮਾਣ ਮਹਿਸੂਸ ਕਰਦਾ ਹੈ ਭਾਵੇਂ ਉਸਦਾ ਪਿਛੋਕੜ ਕਿਸੇ ਧਰਮ, ਕਰਮ, ਭੂ ਖੰਡ ਜਾਂ ਵੱਡੇ ਤੋ ਵੱਡੇ ਰੁਤਬੇ ਨਾਲ ਸੰਬੰਧਤ ਹੋਵੇ ਕਿਉਂਕਿ ਇਸ ਪਾਵਨ ਗ੍ਰੰਥ ਦੀ ਧੁਰ ਦੀ ਬਾਣੀ ਦੇ ਰੂਹਾਨੀ ਉਪਦੇਸ਼ ਹਰ ਵਰਗ ਦੇ ਵਿਅਕਤੀ ਨਾਲ ਸੰਬੰਧਤ ਹੋਣ ਕਾਰਨ ਸਰਬੱਤ ਦਾ ਭਲਾ ਮੰਗਦੇ ਹਨ। ਨਿਰਸੰਦੇਹ ਹਰੇਕ ਸਥਾਪਤ ਧਰਮ ਦਾ ਆਪੋ ਆਪਣਾ ਧਰਮ ਗ੍ਰੰਥ ਹੈ ਜਿਸਦੀ ਉਹ ਆਪੋ ਆਪਣੀ ਨਿਰਧਾਰਤ ਮਰਯਾਦਾ ਅਨੁਸਾਰ ਪੂਜਾ ਅਰਚਨਾ ਤਾਂ ਕਰਦੇ ਹਲ ਪਰ ਗੁਰੂ ਪੰਥ ਦਾ ਮਾਣ ਸਤਿਕਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੈ। ਪਰ ਜਿਸ ਤਰ੍ਹਾਂ ਸਖਤ ਪ੍ਰਬੰਧਾਂ, ਸੀ.ਸੀ.ਟੀ ਕੈਮਰਿਆਂ, ਸੰਗਤਾਂ ਦੇ ਭਾਰੀ ਇਕੱਠ ਨੂੰ ਅਣਡਿੱਠ ਕਰਕੇ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੁਣ ਛੋਟੇ ਸਾਹਿਬਜਾਦਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਵਿਚ ਅਤੇ ਏਸੇ ਤਰ੍ਹਾਂ ਫਰੀਦਕੋਟ, ਫਾਜ਼ਲਕਾ, ਗੁਹਲਾ ਆਦਿ ਥਾਵਾਂ ਤੇ ਬੇਅਦਬੀ ਦੀਆ ਘਟਨਾਵਾਂ ਵਾਪਰੀਆਂ ਉਨ੍ਹਾਂ ਨੂੰ ਬਹੁਤ ਗੰਭੀਰਤਾ ਨਾਲ ਚਿੰਤਨ ਕਰਨ ਦੀ ਲੋੜ ਹੈ। ਹੈਰਾਨੀ ਹੁੰਦੀ ਹੈ ਕਿ ਬੇਅਦਬੀ ਕਰਨ ਦਾ ਮੋਹਰਾ ਬਣੇ ਵਿਅਕਤੀ ਸਾਧਾਰਨ ਘਰਾਂ ਦੇ ਹਨ ਜੋ ਬਿਨ੍ਹਾਂ ਕਿਸੇ ਤਾਕਤਵਰ ਸੰਗਠਨ ਦੀ ਸਰਪ੍ਰਸਤੀ ਤੋ ਬਿਨ੍ਹਾਂ ਲਾਲਚ ਵਸ ਅਜਿਹੇ ਨੀਚਕਰਮ ਕਰਨ ਬਾਰੇ ਸੋਚ ਨਹੀਂ ਸਕਦੇ। ਪਰ ਬੇਅਦਬੀਆਂ ਕਰਨ ਵਾਲੇ ਫੜੇ ਵਿਅਕਤੀਆਂ ਨੂੰ ਪ੍ਰਸ਼ਾਸ਼ਨ ਜਾਂ ਤਾਂ ਦਿਮਾਗੀ ਬੀਮਾਰ ਦਸਕੇ ਫੜਵਟ ਲੈਂਦਾ ਹੈ ਜਾਂ ਸੱਚ ਸਾਹਮਣੇ ਆਉਣ ਦੇ ਡਰੋਂ ਉਹਨਾਂ ਨੂੰ ਗਿਣੀ ਮਿਥੀ ਸਾਜਸ਼ ਅਨੁਸਾਰ ਮਰਵਾ ਦਿੰਦਾ ਹੈ। ਕੇਵਲ ਸਿੱਖ ਧਰਮ ਨਾਲ ਸਬੰਧਤ ਗੁਰੂ ਘਰਾਂ ਅਤੇ ਪਾਵਨ ਗ੍ਰੰਥਾਂ, ਬਾਣੀ ਦੇ ਗੁਟਕੇ ਆਦਿ ਦੀਆਂ ਬੇਅਦਬੀਆਂ ਵਿਚ ਦਿਨੋ ਦਿਨ ਹੋ ਰਿਹਾ ਵਾਧਾ ਜਿਥੇ ਸਿੱਖ ਕੌਮ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ ਓਥੇ ਸੰਬੰਧਤ ਸਥਾਨਾਂ ਦੀਆਂ ਰਾਜ ਸਰਕਾਰਾਂ ਅਤੇ ਖਾਸ ਤੌਰ ਤੇ ਭਾਰਤ ਦੀ ਕੇਂਦਰ ਸਰਕਾਰ ਨੂੰ ਅਜਿਹੀਆਂ ਮੰਦਭਾਗੀ ਘਟਨਾਵਾਂ ਨੂੰ ਠਲ ਪਾਉਣ ਲਈ ਲੋੜੀਂਦੇ ਸਖਤ ਕਦਮ ਪੁਟਣ ਦੀ ਲੋੜ ਹੈ ਤਾਂ ਜੋ ਦੇਸ਼ ਦੇ ਸੰਵਿਧਾਨ ਅਨੁਸਾਰ ਧਰਮ-ਨਿਰਪੱਖਤਾ ਦੀ ਸੋਚ ਨੂੰ ਅਮਲੀਜਾਮਾ ਪਹਿਨਾਇਆ ਜਾ ਸਕੇ। ਏਸੇ ਤਰ੍ਹਾਂ ਸਿੱਖ ਕੌਮ ਦੀਆਂ ਸਮੂਹ ਜਥੇਬੰਦੀਆਂ ਨੂੰ ਵੀ ਧੜੇਬੰਦੀਆਂ ਅਖੋਂ ਪਰੋਖੇ ਕਰਕੇ ਸਿੱਖੀ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਪ੍ਰਚੰਡ ਕਰਨ ਨੂੰ ਪਹਿਲ ਦੇਣ ਦੀ ਲੋੜ ਹੈ।

ਜਸਬੀਰ ਸਿੰਘ ਸਾਬਰ
ਮੁੱਖ ਸੰਪਾਦਕ

ਸਰਪ੍ਰਸਤ: ਡਾ ਇੰਦਰਬੀਰ ਸਿੰਘ ਨਿਜ਼ਰ
ਸ. ਰਾਜਮੋਹਿੰਦਰ ਸਿੰਘ ਮਜੀਠਾ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ 9888460180
ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ. 8872042060

ਸਲਾਹਕਾਰ :
ਸ.ਅਮਰਜੀਤ ਸਿੰਘ ਵਿਕਰਾਂਤ, ਸ.ਜਗਜੀਤ ਸਿੰਘ, ਸ.ਸੰਤੋਖ ਸਿੰਘ ਸੇਠੀ,
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ,
ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ, ਸ. ਅੰਮ੍ਰਿਤਪਾਲ ਸਿੰਘ ਚਾਵਲਾ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

# ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

## ਕਰਤੱਵਜ

ਐ ਤੇਗ਼ ਦੀ ਭਵਾਨੀ ਭਾਰਤ ਦੀ ਰਾਜ ਰਾਣੀ।।
ਧਰਮਾਂ ਦੀ ਵੇਖ ਹਾਨੀ ਖੰਡਾ ਉਠਾਣ ਵਾਲੀ।।
ਐ ਮੋਤੀਆਂ ਤੋਂ ਸੁੱਚੀ ਐ ਹੀਰਿਆਂ ਤੋਂ ਪੱਕੀ,
ਲਾਲਾਂ ਤੋਂ ਮਹਿੰਗ ਮੁੱਲੀ, ਬੇਅੰਤ ਸ਼ਾਨ ਵਾਲੀ।।
ਐ ਰਾਜ ਜੋਗ ਵਾਲੀ, ਮ੍ਰਿਗਜਿਆਂ ਤੇ ਭਾਰੂ,
ਐ ਦੁਸ਼ਮਨਾਂ ਦੀ ਦੁਸ਼ਮਣ, ਐ ਧਰਮੀਆਂ ਦੀ ਰਖਯਕ।।
ਐ ਬੇਕਸਾਂ ਦੀ ਬਾਜ਼ੂ ਬਣਕੇ ਬਚਾਣ ਵਾਲੀ।।
ਅਬਦਾਲੀਆਂ ਤੇ ਬਿਜਲੀ, ਦੁੱਰਾਨੀਆਂ ਤੇ ਹਾਵੀ,
ਖੰਡਾ ਔਰੰਗਜ਼ੇਬੀ ਖੁੰਢਾ ਕਰਾਣ ਵਾਲੀ।।

## ਸੂਚਨਾ

ਕਿੱਥੇ ਗਈ ਹਮਿੱਯਤ ਹਿੰਮਤ ਨੂੰ ਹੋ ਗਿਆ ਕੀ?
ਵਹਦਤ-ਪਰਸਤ ਤੇਰੇ ਕਿੱਥੇ ਲੁਕੇ ਅਕਾਲੀ?
ਕਮਜ਼ੋਰ ਹੋ ਰਹੀ ਹੈ, ਪੀਲਾ ਪਿਆ ਹੈ ਚਿਹਰਾ।।
ਕਿਸ ਮਾਂਦਗੀ ਨੇ ਮਾਰੀ? ਆਈ ਕਿਹੀ ਬਿਹਾਲੀ?
ਤੂੰ ਹੋ ਕੇ ਬੇਟਿਕਾਣਾ ਦਰ ਦਰ ਦੀ ਹੋ ਰਹੀ ਹੈਂ
ਬਚੜੇ ਤੇਰੇ ਨੇ ਰੁਲਦੇ ਅੱਜ ਟੱਡਦੇ ਹਥਾਲੀ।।
ਤੂੰ ਬੇਖੁਦੀ ਦੀ ਕੈਦਣ, ਤੂੰ ਸੁਸਤ ਬੇਖ਼ਬਰ ਤੂੰ,
ਜਿਤਨੇ ਨੇ ਐਬ ਜਗ ਦੇ ਕਿਸ ਤੋਂ ਰਹੀ ਤੂੰ ਖਾਲੀ?
ਸੰਸਾਰ ਨੂੰ ਜਗਾਕੇ ਤੂੰ ਆਪ ਸੌਂ ਗਈ ਕਿਉਂ?
ਕਿਆ ਸਤਿਗੁਰਾਂ ਸੀ ਤੈਨੂੰ ਏਹੋ ਅਕਲ ਸਿਖਾਲੀ?
ਕਿਸ ਖ਼ਾਬ ਵਿਚ ਪਈ ਤੂੰ? ਉਤੋਂ ਦੁਪਹਿਰ ਆਈ,
ਉਠ ਜਾਗ ਮਾਰ ਝਾਤੀ, ਸਭ ਉੱਡ ਗਈ ਧੁੰਦਾਲੀ।



# ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਲਮ ਤੋਂ............
# ਭਾਈ ਲਹਿਣਾ ਜੀ ਦਾ ਨਾਨਕ ਪ੍ਰੇਮ



**ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿਕਿਓਨੁ।।**
**ਜਾ ਸੁਧੋਸੁ ਤਾਂ ਲਹਣਾ ਟਿਕਿਓਨੁ।।**

ਸੋਧ ਵਾਲੇ ਤਾਉ ਮੁੱਕ ਗਏ। ਲਹਿਣਾ ਜੀ ਦਾ ਗੁਰ ਨਾਨਕ ਦੇ ਹੁਕਮ ਮੰਨਣ ਵਲ ਜੋ ਅਨੰਤ ਪਿਆਰ ਦਾ ਰੁਖ਼ ਸੀ, ਗੁਰੂ ਨਾਨਕ ਵਿਚ ਰੱਬੀ ਨੂਰ ਵਲ ਜ਼ੋ ਉਹਨਾਂ ਦਾ ਲਗਾਉ ਸੀ, ਉਸ ਦੀ ਪਰਖ ਚਾਦਰ ਚੁੱਕਦੇ ਸਾਰ ਹੋ ਗਈ ਤੇ ਗੁਰੂ ਨਾਨਕ ਨੇ ਤਤ ਛਿਨ ਗਲ ਲਾ ਲਿਆ। ਮਤਲਬ ਇਹ ਕਿ ਲਹਿਣੇ ਦਾ ਜੀਵਨ ਨਾਨਕ ਪ੍ਰੇਮ ਸੀ, ਜਦੋਂ ਗੁਰੂ ਨਾਨਕ ਨੇ ਲਹਿਣੇ ਸਿਖ ਵਿਚ ਪੂਰਨ ਸੇਵਕੀ ਦੇਖੀ; ਸਿੱਖੀ ਕਮਾਉਂਦਿਆਂ ਅਖ਼ੀਰ ਲੇਸ ਮਾਤ੍ਰ ਹਉਂ ਦਾ ਅਭਾਵ ਬੀ ਤੱਕ ਲਿਆ, ਜ਼ੋ ਇਸ ਸੋਧ ਨੇ ਦਸਿਆ, ਤਾਂ ਹੁਣ ਸਿਖ ਪੂਰਨ ਸਿਖ ਹੋ ਗਿਆ, ਸਿਖ ਨਹੀਂ ਤਦ-ਰੂਪ ਹੋ ਗਿਆ। ਹਾਂ ਦੁਨੀਆਂ ਦ ਹਿਸਾਬ ਤੱਕੋ, ਮਾਲਕ ਦਾ ਪੂਰਨ ਨੌਕਰ ਮੁਨੀਬ ਤੇ ਕਈ ਫ਼ੇਰ ਮਾਲਕ ਹੋ ਜਾਂਦਾ ਹੈ। ਪੂਰਾ ਸਿਪਾਈ ਜਦ ਸੈਨਾਪਤ ਨੂੰ ਪੂਰਨ ਰਿਝਾ ਲਵੇ ਤਦ ਸੈਨਾ ਦਾ ਹੁਕਮ ਕਰਨ ਵਾਲਾ ਥਾਪਿਆ ਜਾਂਦਾ ਹੈ। ਪਰ ਓਹ ਤਾ ਹਿਸਾਬ ਹਨ ਦੁਨੀਆਂ ਦੇ, ਏਥੇ ਤਾ ਰੂਹਾਨੀ ਖੇਡ ਵਰਤ ਰਹੀ ਹੈ। ਜਦੋਂ ਲਹਿਣੇ ਸਿੱਖ ਵਿਚ ਆਰਜ਼ੀ ਤੌਰ ਤੇ ਸਿਖੀ ਦੇ ਪਰੋਜਨ ਲਈ ਰੱਖੀ ਸਿੱਖੀ ਭਾਵ ਵਾਲੀ ਹਉਂ ਦਾ ਪੂਰਨ ਅਭਾਵ ਹੋ ਗਿਆ ਤਾ ਉਹਨਾਂ ਵਿਚ ਗੁਰੂ ਰੂਪਤਾ ਪੂਰਨ ਪਰਵੇਸ਼ ਕਰ ਗਈ। ਗੁਰੂ ਨਾਨਕ ਵਾਂਙੂ ਉਹਨਾਂ ਵਿਚ ਪੂਰਨ ਬ੍ਰਹਮ ਨੇ ਨਿਵਾਸ ਲੀਤਾ। ਐਉਂ ਗੋਬਿੰਦ ਰੂਪ, ਬ੍ਰਹਮ ਰੂਪ ਹੋ ਗਏ। ਗੁਰੂ ਉਹ ਹੈ ਜਿਸ ਵਿਚ ਹਉਂ ਦਾ ਪੂਰਨ ਅਭਾਵ ਹੈ, ਉਹ ਗੁਰੂ ਹੈ ਜਿਸ ਨੂੰ ਪਰਮਾਤਮਾ ਨੇ ਗੁਰੂ ਥਾਪਿਆ ਹੈ। ਹਉਂ ਦੇ ਨੁਕਤੇ ਤੋਂ ਪੂਰਨ ਸਿਖ ਸ੍ਰੀ ਲਹਿਣਾ ਜੀ ਵਿਚ ਹਉਂ ਦਾ ਪੂਰਨ ਅਭਾਵ ਹੈ। ਪੂਰਨ ਗੁਰੂ ਨਾਨਕ ਜੀ ਦੀ ਮਿਹਰ ਨਾਲ ਉਨ੍ਹਾਂ ਵਿਚ ਪੂਰਨ ਬ੍ਰਮ ਨੇ ਨਿਵਾਸ ਲੀਤਾ ਹੈ।ਹੁਣ ਥਾਪਣਾ ਹੈ। ਹੁਣ ਲਹਿਣੇ ਤੇ ਗੁਰੂ ਨਾਨਕ ਵਿਚ ਕੀ ਫਰਕ ਰਹਿ ਗਿਆ? ਗੁਰੂ ਨਾਨਕ ਵਿਚ ਗੁਰਯਾਈ ਵਾਹਿਗੁਰੂ ਜੀ ਦੀ ਜੋਤ ਦੀ ਸੀ, ਉਹ ਜੋਤਿ ਲਹਿਣੇ ਵਿਚ ਪ੍ਰਕਾਸ਼ਤ ਹੋ ਉਠੀ। ਇਸ ਕਰਕੇ ਨਾਨਕ ਉਹਨਾਂ ਨੂੰ ਅੰਗਦ ਨਾਮ ਦਿੱਤਾ ਤੇ ਆਪਣਾ ਨਾਮ ਨਾਨਕ ਨਾਲ ਬਖਸ਼ਿਆ। ਹੁਣ ਫੇਰੂ ਦਾ ਪੁਤ ਲਹਿਣਾ ਆਤਮ ਮੰਡਲ ਵਿਚ ਲਹਿਣਾ ਮਾਤ੍ਰ ਨਹੀਂ, ਉਹ ਗੁਰੂ ਨਾਨਕ ਦਾ ਅੰਗ+ਦ(ਆਤਮਜ਼) ਹੋ ਗਿਆ ਹੈ ਉਹ ਗੁਰੂ ਗੋਰ ਸਮਾ ਗਿਆ ਹੈ ਤੇ ਹੁਣ ਉਸ ਗੋਰ ਵਿਚੋਂ ਆਤਮਜ, ਗੁਰੂ ਦੇ ਨਿਜ ਸਰੂਪ ਤੋਂ ਉਤਪਤ ਨਵੇਂ ਜਨਮ ਜਨਮਿਆ ਹੈ, ਉਹ ਉਹੋ ਦਾ ਉਹੋ ਹੈ- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।(ਅੰਗ ੯੬੬)

ਸ੍ਰੀ ਲਹਿਣਾ ਜੀ ਵਿਚ ਨਿਮਰਤਾ, ਮਿੱਠਤ, ਗ਼ਰੀਬੀ, ਸਹਿਨਸ਼ੀਲਤਾ, ਅਜਰ ਜਰਨ ਦੀਆਂ ਸ਼ਕਤੀਆਂ ਪੂਰਨ ਸਨ, ਉਹਨਾਂ ਦਾ ਪ੍ਰੇਮ ਅਪਾਰ ਸੀ ਤੇ ਹਉਂ ਦਾ ਅਭਾਵ ਸੀ। ਰਸ, ਸੁਆਦ, ਪਿਰਮ ਰੰਗ ਦੇ ਹੁਲਾਰੇ ਅਕਹਿ ਸਨ। ਸਰੀਰ ਵਿਚੋਂ ਅੰਮ੍ਰਿਤ ਦੇ ਫੁਹਾਰੇ ਛੁਟਦੇ ਸਨ; ਰੂਹਾਨੀ ਔਜ਼, ਅਰਥਾਤ ਆਤਮਿਕ ਸ਼ਿਖਰ ਉੱਨਤੀ ਉਹਨਾਂ ਵਿਚੋਂ ਭੜਕਾਂ ਮਾਰ ਮਾਰ ਲਸ ਰਹੀ ਸੀ। ਇਹ ਸਾਰੇ ਰੰਗ ਦੇਖ ਦੇਖ ਸੰਗਤਾਂ ਅਨੁਮਾਨ ਕਰ ਰਹੀਆਂ ਸਨ ਕਿ ਇਹ ਜ਼ੋ ਸਾਡੇ ਵਿਚ ਸਾਡੇ ਵਰਗਾ ਸਿਖ ਸੀ ਤੇ ਹੈ, ਇਹ, ਜਿਨ ਸਭ ਤੋਂ ਨੀਵਾਂ ਜਾ, ਆਪਣੇ ਆਪ ਦੀ ਹਉਂ ਦਾ ਅਤਯੰਤਾਭਾਵ ਦਿਖਾਯਾ ਹੈ, ਇਹ ਜ਼ੋ ਹੁਕਮ ਮੰਨਣ ਵਿਚ ਹੁਕਮ ਨਾਲ ਤਦਰੂਪ ਹੋਇਆ ਹੈ, ਇਹ ਜੋ ਚਕਮਾਕ ਮਗਰ ਆਪਾ ਛੱਡ ਖਿਚੀਂਦਾ ਹੈ, ਆਪ ਚਕਮਾਕ ਹੋ ਗਿਆ ਹੈ। ਹੋਵੇ ਨਾ ਤਾਂ ਇਹ ਇਕ ਸ਼ਾਹਜ਼ਾਦਾ ਹੀ ਤਾਂ ਸਾਡੇ ਗਰੀਬਾਂ ਵਿਚ ਨਹੀਂ ਸੀ, ਜਿਸਨੂੰ ਅਸੀਂ ਆਪਣੇ ਜਿਹਾ ਸਮਝਦੇ ਰਹੇ ਹਾਂ, ਜਿਸ ਨੇ ਮਲਕੜੇ ਜਿਹੇ ਤਖੱਤ ਤੇ ਜਾ ਬੈਠਣਾ ਹੈ ਕਿ ਅਸਾਂ ਨੇ, ਸਿੱਖੀ ਪਰਜਾ ਨੇ, ਸ਼ਰਨ ਸਮਾ ਕੇ ਸੁੱਖ ਪਾਉਣੇ ਹਨ। ਇਹ ਖਿਆਲ ਪ੍ਰਸੰਨਤਾਦਾਇਕ ਸੀ, ਸੰਗਤਾਂ ਖੁਸ਼ ਸਨ, ਜੋ ਉਹਨਾਂ ਦਾ ਇਹ ਅਨੁਮਾਨ ਗੁਰੂ ਸੱਚਾ ਕਰੇ। ਇਹ ਖਿਆਲ ਤੇ ਇਸ ਪਰ ਇਹ ਖੁਸ਼ੀ ਦਿਲਾਂ ਵਿਚ ਨਹੀਂ ਲੁਕੀ ਰਹੀ, ਸੰਗਤ ਵਿਚ ਇਹ ਕੰਨੋ ਕੰਨੀ ਗਲਾਂ ਭੀ ਹੋਣ ਲਗ ਪਈਆਂ ਤੇ ਮਾਤਾ ਸੁਲੱਖਣੀ ਜੀ ਨੇ ਭੀ ਸੁਣ ਪਈਆਂ। ਮਾਂ ਦਾ ਪਿਆਰ ਅਪਾਰ ਕੌਮਲ ਸ਼ੈ ਹੈ, ਉਹ ਸੁਣਕੇ ਧਰਮਸਾਲ ਆਈ ਤੇ ਸਤਿਗੁਰੂ ਦੇ ਚਰਨਾਂ ਵਿਚ ਸਿਧੀ ਬੇਨਤੀ ਕਰ ਦਿਤੀ ਕਿ ਸੰਗਤਾਂ ਇਸ ਤਰ੍ਹਾਂ ਆਖਦੀਆਂ ਹਨ ਤੇ ਇਹ ਮੈਨੂੰ ਭਲਾ ਪ੍ਰਤੀਤ ਨਹੀਂ ਦੇਂਦਾ। ਆਪਣੇ ਪੁੱਤਰ ਬੀ ਚੰਗੇ ਹਨ। ਵਡੇ ਤਾਂ ਹਨ ਹੀ ਉਦਾਸ ਬ੍ਰਿਤੀ ਵਾਲੇ ਅਰ ਅਤੀਤ, ਅਤੇ ਛੋਟੇ ਲਾਲ ਜੀ ਸਤਿਸੰਗੀ ਹਨ। ਪ੍ਰਤ੍ਰਾਂ ਨੂੰ ਦਾਤ ਦਾਨ ਕਰੋ। ਏਹ ਲੋਕ ਪ੍ਰਲੋਕ ਦਾ ਆਪ ਦਾ ਐਸ਼੍ਵਰਜ ਕੁਲ ਵਿਚ ਰਹਿਣਾ ਹੀ ਸੰਸਾਰ ਦੀ ਉੱਤਮ ਮਰਿਯਾਦਾ ਹੈ। ਸਤਿਗੁਰ ਸੁਣਕੇ ਚੁਪ ਰਹੇ।

ਇਹ ਕਹਿਕੇ ਆਪ ਨੇ ਮਾਤਾ ਜੀ ਨੂੰ ਸਮਝਾਯਾ ਕਿ ਪਾਣੀ ਨੀਵੇਂ ਥਾਈਂ ਟਿਕਦੇ ਹਨ, ਸੱਚੀ ਨਿਮਰਤਾ ਜਿਥੇ ਹੈ ਉਥੇ ਹਉ ਨਹੀਂ ਹੁੰਦੀ, ਜਿਥੇ ਹਉ ਉਥੇ ਉਚਆਈ, ਉਥੇ ਦਾਤ ਨੀਰ ਦੇ ਟਿਕਣ ਦਾ ਟਿਕਾਣਾ ਨਹੀਂ। ਉਪਰਲਾ ਦ੍ਰਿਸ਼ਟਾਂਤ ਤਾਂ ਇਕ ਕੌਤਕ ਮਾਤਰ ਸੀ, ਉਸਦਾ ਭਾਵ ਇਹ ਦਸਣਾ ਸੀ ਕਿ ਪੁਤਰਾਂ ਵਿਚ ਹਉ ਹੈ, ਹੁਕਮ ਨਾਲ ਜ਼ੋੜ ਨਹੀਂ, ਵਾਹਿਗੁਰੂ ਰੂਪ ਪ੍ਰਵਾਹ ਨੇ ਉਥੇ ਨਿਵਾਸ ਪਾਉਣਾ ਹੈ ਜਿਥੇ ਹਉ ਨਹੀਂ ਤੇ ਹੁਕਮ ਨਾਲ ਅਜੋੜ ਨਹੀਂ, ਇਕਸੁਰਤਾ ਹੈ। ਹਾਂ, ਜਿਸ ਤਰਬ ਨੇ ਬਾਜ਼ ਦੀ ਤਾਰ ਨਾਲ ਸੁਰ ਹੋ ਜਾਣਾ ਹੈ, ਉਸੇ ਨੇ ਬਾਜ਼ ਵਿਚੋਂ ਪ੍ਰਕਾਸ਼ ਪਾਉਣ ਦੀ ਸੁਰ ਨਾਲ ਉਹ ਆਂਸ਼ ਦੇਣੀ ਹੈ, ਹੋਰਨਾਂ ਬੇਸੁਰੀਆਂ ਤਰਬਾਂ ਨੇ ਉਹ ਸੁਰ ਨਹੀਂ ਦੇਣੀ, ਸਤਿਗੁਰੂ ਜੀ ਨੇ ਸਾਰਾ ਕੁਝ ਦੱਸ ਕੇ ਫਿਰ ਗੁਹਜ ਰੂਹਾਨੀ ਭੇਤ ਦਸਿਆ :-

**ਨਹਿ ਕਿਸਹੂੰ ਕੇ ਕਰ ਬਿਖੈ ਸਭ ਕਰਤਾਰ ਅਧੀਨ।।**
**ਜਿਸ ਪਰ ਕਰੁਨਾ ਦ੍ਰਿਸਟਿ ਹੈ ਤਿਨਹਿ ਬਸਤੁ ਇਹ ਲੀਨ ।।(ਗੁ:ਨਾ:ਪ੍ਰ:)**



ਮੂਲੇ ਸੁਤਾ ਅਨੁਸਾਰ ਮਾਤਾ ਸੁਲੱਖਣੀ ਜੀ ਸੱਚ ਪ੍ਰਤੱਖ ਦੇਖ ਕੇ, ਮੰਨ ਕੇ, ਮੱਥਾ ਟੇਕ ਕੇ ਘਰ ਟੁਰ ਗਏ। ਭਾਵੇਂ ਉਦਾਸ ਤੇ ਨਿਰਾਸ਼ ਗਏ, ਕਿਉਂਕਿ ਪੁੱਤਰ ਪ੍ਰੇਮ ਨੇ ਉਦਾਸੀ ਨਹੀਂ ਹਟਣ ਦਿੱਤੀ ਪਰ ਸੱਚ ਨੂੰ ਦੇਖਦੇ ਤੇ ਵਿਚਾਰਦੇ ਹੋਏ ਗਏ। ਸ੍ਰੀ ਸਤਿਗੁਰੂ ਜੀ ਨੇ ਇਸ ਤੋਂ ਮਗਰੋ ਦੋ ਤ੍ਰੈ ਸਮਿਆਂ ਪਰ ਫੇਰ ਮਾਤਾ ਜੀ ਨੂੰ ਹੋਰ ਸਪਸ਼ਟ ਹੋ ਗਿਆ ਪੁਤਰਾਂ ਦੇ ਅੰਦਰ ਅਭਿਮਾਨ ਹੈ ਤੇ ਲਹਿਣਾ ਜੀ ਦਾ ਅੰਦਰ ਇਸ ਤੋਂ ਖਾਲੀ ਹੈ ਤੇ ਬ੍ਰਮ ਨਾਲ ਪਰੀ ਪੂਰਨ ਹੈ, ਗੁਰੂ ਨਾਨਕ ਦੀ ਪ੍ਰੀਤ ਵਿਚ ਚਿਤਹਿ ਸਮਾਣਿਆ ਚਿਤ ਹੈ ਅਤੇ ਆਤਮ ਰਸੱਗਤਾ ਵਿਚ ਸ੍ਰੀ ਪਾਵਨ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਙੂ ਹੀ ਹੋ ਰਹੇ ਹਨ।

ਜਦ ਸਿਖਾਂ ਵਿਚ ਗੁਰੂ ਨਾਨਕ ਦਾ ਇਹ ਪਰਮ ਗੁਣ ਸਪਸ਼ਟ ਹੋ ਗਿਆ ਕਿ ਗੁਰੂ ਨਾਨਕ ਸੱਚਾ ਨਿਆਉਂ ਕਰਨ ਵਾਲਾ ਹੈ, ਸੱਚਾ ਜੋਖ ਜ਼ੋੜਦਾ ਤੇ ਸੱਚ ਪੱਲੇ ਪਾਉਂਦਾ ਹੈ; ਪੁਤ੍ਰ ਨੂੰ ਪੁਤ੍ਰ ਹੋਣ ਕਰਕੇ ਨਹੀਂ, ਪਰ ਗੁਣਾਂ ਕਰਕੇ ਕਦਰ ਦੇਣ ਨੂੰ ਤਿਆਰ ਤੇ ਨਾ ਹੋਣ ਕਰਕੇ ਪੁਤ੍ਰਤਾਈ ਦੀ ਮੋਹ ਦੀ ਨੈਂ ਬੀ ਸੁੱਕੇ ਪੈਰੀਂ ਤੁਰਕੇ ਲੰਘ ਜਾ ਸਕਦਾ ਹੈ, ਤਾਂ ਖਿਆਲ ਫੁਰ ਆਇਆ ਕਿ ਦੇਖੀਏ ਸ੍ਰੀ ਲਹਿਣਾ ਜੀ ਤੇ ਭਾਈ ਬੁੱਢਾ ਜੀ ਵਿਚੋਂ ਕਿਸ ਪਰ ਮਿਹਰ ਹੁੰਦੀ ਹੈ।

ਬੂੜਾ ਜਾਂ ਬੁੱਢਾ ਜੀ ਜੀਵ ਸ਼ਰੇਣੀ ਵਿਚੋਂ ਉਚੇ ਉਠਕੇ ਉਚੇ ਹੋ ਗਏ ਪਰਮ ਉਚੇ ਦਰਜੇ ਦੇ ਸਿਖ ਮੰਨੇ ਜਾਂਦੇ ਸਨ, ਇਸ ਲਈ ਇਹਨਾਂ ਵੱਲ ਨਜ਼ਰ ਪੈਂਦੀ ਸੀ। ਲਹਿਣਾ ਜੀ ਪ੍ਰੇਮ ਤਾਰ ਵਿਚ ਪਰੋਤੇ ਸਿੱਖ ਸਨ, ਬੂੜਾ ਜੀ ਵਿਚ ਸੇਵਾ ਅੱਤੁਟ ਸੀ। ਬੁੱਢਾ ਜੀ ਬੜੇ ਉਚੇ ਸਿੱਖ ਸੇ ਪਰ ਲਹਿਣਾ ਜੀ ਦੀ ਉਚਾਈ ਉਹਨਾਂ ਨਾਲੋਂ ਬੀ ਉੱਚੀ ਸੀ।

ਇਕ ਰਾਤ ਤ੍ਰੈ ਕੁ ਵਜੇ ਗੁਰੂ ਜੀ ਜਾਗੇ ਬੈਠੇ ਸੇ, ਸਿਖ ਬੀ ਧਰਮਸਾਲ ਆ ਬਿਰਾਜੇ। ਸ੍ਰੀ ਗੁਰੂ ਜੀ ਨੇ ਕਿਹਾ: ਬੂੜਿਆ! ਕਿੰਨੀ ਰਾਤ ਹੈ ਤਾਂ ਉਸ ਉੱਤਰ ਦਿੱਤਾ: ਸਵਾ ਪਹਿਰ ਬਾਕੀ ਹੈ। ਸ੍ਰੀ ਗੁਰੂ ਜੀ ਨੇ ਕਿਹਾ, ਨਹੀ ਪਹਿਰ ਬਾਕੀ ਹੈ, ਹੱਛੀ ਤਰ੍ਹਾਂ ਵੇਖ, ਤਾਰੇ ਪਰਖ ਤੇ ਫੇਰ ਆਕੇ ਦੱਸ। ਬੂੜਾ ਜੀ ਨੇ ਤਿਵੇਂ ਹੀ ਕੀਤਾ ਤੇ ਆਖਿਆ: ਪਾਤਸ਼ਾਹ। ਸਵਾ ਪਹਿਰ ਹੈ, ਤ੍ਰੈ ਵੇਰ ਸਤਿਗੁਰਾਂ ਨੇ ਕਿਹਾ, ਤ੍ਰੈ ਵੇਰ ਉਹੋ ਉੱਤਰ ਆਪ ਨੇ ਦਿੱਤਾ। ਫੇਰ ਲਹਿਣਾ ਜੀ ਨੂੰ ਹੁਕਮ ਹੋਇਆ। ਓਹ ਬੋਲੇ: ਜਗਤ ਗੁਰ ਸੁਆਮੀ !ਕਾਲ ਤੇਰਾ ਕੀਤਾ ਤੇ ਤੇਰੇ ਭਾਣੇ ਵਿਚ ਹੈ, ਰਾਤ ਜਿੰਨੀ ਆਪ ਨੇ ਬਿਤਾਈ ਬੀਤੀ ਹੈ, ਤੇ ਜਿੰਨੀ ਆਪ ਦੀ ਰਜ਼ਾ ਹੈ, ਬਾਕੀ ਹੈ। ਭਾਈ ਬੂੜੇ ਜੀ ਦੀ ਦ੍ਰਿਸ਼ਟੀ ਕਿ ਗੁਰੂ ਨਾਨਕ ਪੂਰਨ ਮਹਾਂਪੁਰਖ ਸਾਈਂ ਦਾ ਅਵਤਾਰ ਹਨ, ਪਰ ਲਹਿਣਾ ਜੀ ਦੀ ਦ੍ਰਿਸ਼ਟੀ ਉਨ੍ਹਾਂ ਦੀ (ਅਲੂਹੀਅਤ) ਰੱਬੀ ਰੰਗ ਤੇ ਟਿਕੀ ਰਹਿੰਦੀ ਪਿਆਰ ਨਾਲ ਪ੍ਰੋਤੀ ਲਿਵ ਵਿਚ ਰਹਿੰਦੀ ਸੀ ਤੇ ਇਕ ਖਿਨ ਵਿਛੁੜਦੀ ਨਹੀਂ ਸੀ। ਉਸ ਵੇਲੇ ਰਾਤ ਪਹਿਰ ਹੀ ਸੀ, ਬੁੱਢਾ ਜੀ ਨੇ ਆਪਣੇ ਹਿਸਾਬ ਤੇ ਧ੍ਰਵਾ ਬੱਧਾ, ਸ੍ਰੀ ਲਹਿਣਾ ਜੀ ਨੇ ਕਾਲ ਨੂੰ ਕੀਤਾ ਜਾਣਕੇ ਗੁਰੂ ਨੂੰ ਕਰਤਾ ਜਾਣਨ ਕਰਕੇ ਹਊਂ ਨੂੰ ਵਿਚ ਨਹੀਂ ਆਉਣ ਦਿੱਤਾ। ਇਸ ਤਰ੍ਹਾਂ ਦੇ ਪਰਤਾਵਿਆਂ ਤੋਂ ਬੀ ਸਪਸ਼ਟ ਹੋ ਗਿਆ ਕਿ ਗੁਰੂ ਨਾਨਕ ਦੀ ਗੱਦੀ ਦੁਨੀਆਂ ਦੀ ਕੋਈ ਗੱਦੀ ਨਹੀਂ, ਇਹ ਧੁਰ ਦੀ ਸ਼੍ਰੈ ਹੈ ਤੇ ਮਾਲਕ ਨੇ ਹੀ ਲੈਣੀ ਹੈ ਤੇ ਉਹ ਲੈਣਹਾਰ ਸ੍ਰੀ ਪਾਵਨ ਲਹਿਣੋ ਹੀ ਹੈ।

ਇਕ ਦਿਨ ਸਤਿਗੁਰੂ ਇਸ਼ਨਾਨ ਕਰਨ ਦਰਯਾ ਵਿਚ ਵੜੇ, ਲਹਿਣਾ ਜੀ ਕਿਨਾਰੇ ਬੈਠੇ ਗੁਰੂ ਨਾਨਕ ਸਰੂਪ ਦੇ ਧਿਆਨ ਵਿਚ ਐਸੇ ਮਗਨ ਹੋਏ ਕਿ ਸਰੀਰ ਤੋਂ ਮਾਨੋਂ ਵਿਦੇਹ ਹੋ ਗਏ। ਗੁਰੂ ਨਾਨਕ ਜੀ ਇਸ਼ਨਾਨ ਕਰ ਆਏ। ਸ੍ਰੀ ਲਹਿਣਾ ਜੀ ਨੂੰ ਸੁਧ ਹੀ ਨਹੀਂ। ਉਨਾਂ ਦੀ ਗੋਦ ਵਿਚੋਂ ਜਗਤ ਗੁਰੂ ਨੇ ਆਪੇ ਬਸਤ੍ਰ ਚਾਏ ਤੇ ਪਹਿਰ ਲਏ , ਪਰ ਲਹਿਣਾ ਜੀ ਨੂੰ ਪਤਾ ਨਹੀਂ ਲਗਾ। ਸ੍ਰੀ ਗੁਰੂ ਜੀ ਕਿਤਨਾ ਚਿਰ ਖੜੇ ਉਡੀਕਦੇ ਤੱਕਦੇ ਤੇ ਖੁਸ਼ ਹੋ ਬਿਸਮਦੇ ਰਹੇ, ਪਰ ਲਹਿਣਾਂ ਜੀ ਮਗਨ ਟਿਕੇ ਰਹੇ। ਹੁਣ ਸ੍ਰੀ ਗੁਰੂ ਜੀ ਨੇ ਸ੍ਰੀ ਪਾਵਨ ਲਹਿਣਾ ਜੀ ਨੂੰ ਉਹਨਾਂ ਦੀ ਲਿਵਲੀਨਤਾ ਦੇ ਟਿਕਾਣੇ ਵਿਚ ਅੰਤ੍ਰਾਤਮੇ ਵਲੋਂ ਹੋ ਕੇ ਟੁੰਬਿਆ, ਤਦੋਂ ਵਯਾਕਲ ਹੋਕੇ ਆਪ ਜੀ ਦੇ ਨੇਤ੍ਰ ਖੁੱਲ੍ਹੇ ਤੇ ਸ੍ਰੀ ਗੁਰੂ ਜੀ ਦੇ ਚਰਨੀਂ ਲਿਪਟ ਗਏ।

ਗੁਰੂ ਜੀ ਹੁਣ ਬਾਹੋਂ ਫੜਕੇ ਪ੍ਰੇਮ ਭਰੇ ਲਹਿਣਾ ਜੀ ਨੂੰ ਨਾਲ ਲੈਕੇ ਧਰਮਸਾਲ ਆਏ। ਸੰਗਤ ਵੀ ਆ ਜੁੜੀ, ਗੁਰੂ ਜੀ ਨੇ ਪੁਤ੍ਰਾਂ ਤੇ ਪਰਵਾਰ ਨੂੰ ਵੀ ਬੁਲਾਇਆ। ਆਪਣੀ ਜਗ੍ਹਾ ਤੇ ਸ੍ਰੀ ਲਹਿਣਾ ਜੀ ਨੂੰ ਬੈਠ ਜਾਣ ਦਾ ਹੁਕਮ ਦੇਕੇ ਸ੍ਰੀ ਗੁਰੂ ਜੀ ਨੇ ਪੰਜ ਪੈਸੇ ਇਕ ਨਾਰੀਯਲ ਅੱਗੇ ਰੱਖਕੇ ਤੇ ਪ੍ਰਕਰਮਾ ਕਰਕੇ ਮੱਥਾ ਟੇਕਿਆ। ਫੇਰ ਹਾਂ ਜੀ, ਜਗਤ ਗੁਰੂ ਨੇ ਆਪਣੇ ਸਾਜੇ ਨਿਵਾਜੇ ਪੂਰਨ ਸਿਖ ਅੱਗੇ ਆਪ ਜਗਤ ਗੁਰੂ ਹੋ ਕੇ ਮੱਥਾ ਟੇਕਿਆ, ਸਿਖ ਨੂੰ ਗੁਰੂ ਕੀਤਾ। ਸਿੱਖ ਅੱਗੇ ਗੁਰੂ ਨਿਵਿਆਂ, ਟਿੱਕੇ ਦੀ ਵਾਰ ਵਿਚ ਇਸਨੂੰ ਲਿਖਿਆ ਹੈ ਕਿ ਗੁਰੂ ਨੇ ਉਲਟੀ ਗੰਗਾ ਵਹਾਈ। ਇਹ ਉਲਟੀ ਗੰਗਾ ਲਹਿਣੇ ਜੀ ਨੇ ਕੀਕੂੰ ਸਹਾਈ? ਹੁਕਮ ਬੱਧੇ ਬੈਠੇ ਤਾਂ ਰਹੇ, ਪਰ ਆਪਣੇ ਪ੍ਰੀਤਮ ਜਗਤ ਗੁਰ-ਸਵਾਮੀ ਦਾ ਸੀਸ ਨਿੰਵਤਾ ਵੇਖਕੇ ਤੜਫ ਕੇ ਬੋਲੇ:-

**ਤੁਮ ਕਰਤਾਰ ਸਰਬ ਸਿਰਤਾਜਾ। ਪਰਮ ਪ੍ਰਮੇਸ਼ਰ ਸ੍ਰੀ ਮਹਾਰਾਜਾ।**
**ਜਿਸ ਤਨੁ ਕਉ ਤੁਮਨੇ ਸਿਰ ਨਪਾਇਓ। ਉਚਿਤ ਬਡੋ ਦੁਖ ਮੈਂ ਲਖਿ ਪਾਇਓ।(ਗੁ:ਨਾ:ਪ੍ਰ:)**

ਸ੍ਰੀ ਗੁਰੂ ਜੀ ਨੇ ਉਹਨਾਂ ਦੇ ਮੂੰਹ ਅਗੇ ਹੱਥ ਰੱਖ ਕੇ ਕਿਹਾ:- ਬੱਸ ਪੁਰਖਾ! ਕੁਛ ਮੂੰਹੋਂ ਨਾ ਕੱਢ।

ਇਹ ਵਰ ਦੇ ਕੇ ਲਹਿਣੇ ਤੋਂ ਗੁਰੂ ਅੰਗਦੋ ਨਾਮ ਬਖਸ਼ਿਆ। ਫੇਰ ਸਤਿਗੁਰੂ ਨੇ ਭਾਈ ਬੁੱਢੇ ਨੂੰ ਕਿਹਾ ਮੇਰੇ ਪਿਆਰੇ ਤੂੰ ਸਿਖੀ ਵਿਚ ਸ਼ਿਰੋਮਣੀ ਹੈਂ, ਤੂੰ ਗੁਰੂ ਅੰਗਦ ਦੇ ਮਸਤਕ ਤੇ ਗੁਰਿਆਈ ਦਾ ਤਿਲਕ ਦੇਹਿ। ਬੁੱਢੇ ਨੇ ਬੜੇ ਪ੍ਰੇਮ ਨਾਲ ਉਠਕੇ ਤਿਲਕ ਦਿੱਤਾ। ਫੇਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਸੀਸ ਧਰ ਦਿੱਤਾ। ਫੇਰ ਗੁਰੂ ਨਾਨਕ ਦੇਵ ਜੀ ਨੇ ਸਾਰੀ ਸਿਖੀ ਤੇ ਪਰਵਾਰ ਨੂੰ ਮੱਥਾ ਟੇਕਣ ਲਈ ਕਿਹਾ, ਤੇ ਸਭ ਨੇ ਮੱਥਾ ਟੇਕਿਆ, ਪਰ-

**ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ।।(੯੬੭)**



# ਤੇਰੀ ਉਪਮਾ ਤੋਹਿ ਬਣ ਆਵੈ: ਗੁਰੂ ਅਮਰਦਾਸ ਜੀ

ਡਾ.ਜਸਬੀਰ ਸਿੰਘ ਸਾਬਰ*

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅਜੋਕੇ ਸਮੇਂ ਦੇ ਜਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਚ 1479 ਈ. ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਭਾਈ ਤੇਜ ਭਾਨ ਜੀ ਅਤੇ ਮਾਤਾ ਜੀ ਦਾ ਨਾਮ ਮਾਤਾ ਸੁਲੱਖਣੀ ਜੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦੀ ਮੁਢਲੀ ਜ਼ਿੰਦਗੀ ਬਾਰੇ ਭਾਂਵੇ ਜ਼ਿਆਦਾ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ ਆਪ ਦਾ ਪਿਤਾ ਪੁਰਖੀ ਕਿੱਤਾ ਖੇਤੀ ਅਤੇ ਵਿਉਪਾਰ ਸੀ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ। ਆਪ ਜੀ ਦੇ ਘਰ ਦੋ ਸਪੁੱਤਰ ਅਤੇ ਦੋ ਸਪੁੱਤਰੀਆਂ ਨੇ ਜਨਮ ਲਿਆ। ਸਪੁੱਤਰਾਂ ਦਾ ਨਾਮ ਬਾਬਾ ਮੋਹਨ ਜੀ ਅਤੇ ਸਪੁੱਤਰੀਆਂ ਦਾ ਨਾਮ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਘਰ 'ਚ ਆਉਣ ਤੋਂ ਪਹਿਲਾ ਆਪ ਤਪਸਿਆ ਸਾਧਦੇ ਅਤੇ ਹਰ ਸਾਲ ਗੰਗਾ ਦੇ ਇਸ਼ਨਾਨ ਲਈ ਜਾਇਆ ਕਰਦੇ ਸਨ। ਇਕ ਵਾਰ ਜਦੋਂ ਗੰਗਾ ਦੇ ਇਸ਼ਨਾਨ ਤੋਂ ਮੁੜੇ ਤਾਂ ਆਪ ਦਾ ਮੇਲ ਇਕ ਸਾਧੂ ਨਾਲ ਕੁੱਝ ਚਿਰ ਰਿਹਾ। ਜਦੋਂ ਸਾਧੂ ਨੂੰ ਪਤਾ ਲੱਗਾ ਕਿ ਆਪ ਨੇ ਕੋਈ ਗੁਰੂ ਧਾਰਨ ਨਹੀਂ ਕੀਤਾ ਤਾਂ ਉਸਨੇ ਆਪ ਦੇ ਨਾਲ ਮੇਲ ਜੋਲ ਨੂੰ ਮਾੜਾ ਸਮਝਿਆ ਅਤੇ ਕਿਹਾ ਕਿ ਜਦੋਂ ਤੱਕ ਤੁਸੀ ਗੁਰੂ ਧਾਰਨ ਨਹੀਂ ਕਰਦੇ ਉਦੋਂ ਤੱਕ ਤੁਸੀਂ ਆਤਮਿਕ ਸੁੱਖ ਦੀ ਆਸ ਨਹੀਂ ਕਰ ਸਕਦੇ। ਆਪ ਜੀ ਦੇ ਹਿਰਦੇ ਅੰਦਰ ਪੂਰਾ ਗੁਰੂ ਧਾਰਨ ਦੀ ਲੋਚਾ ਪੈਦਾ ਹੋਈ। ਇਕ ਦਿਨ ਜਦੋਂ ਅੰਮ੍ਰਿਤ ਵੇਲੇ ਆਪ ਨੇ ਬੀਬੀ ਅਮਰੋ ਜੀ ਤੋਂ ਬਾਬੇ ਨਾਨਕ ਜੀ ਦੀ ਦਰਗਾਹੀ ਅਕਾਲੀ ਬਾਣੀ ਸੁਣੀ ਤਾਂ ਇਸ ਬਾਣੀ ਰਚਨਹਾਰੇ ਦੇ ਗੱਦੀਨਸ਼ੀਨ ਨੂੰ ਮਿਲਣ ਦੀ ਆਸ ਜਾਗੀ। ਆਪ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਪ੍ਰਤਿਭਾ, ਅਕਾਲੀ ਬਾਣੀ ਅਤੇ ਮਿਕਨਾਤੀਸੀ ਸਖਸ਼ੀਅਤ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਆਪ ਉਹਨਾਂ ਦੇ ਸ਼ਰਧਾਲੂ ਹੋ ਗਏ ਤੇ ਉਹਨਾਂ ਨੂੰ ਗੁਰੂ ਧਾਰਨ ਕਰ ਲਿਆ।

ਬਾਬਾ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਸਾਹਿਬ ਜੀ ਪਾਸ ਰਹਿ ਕੇ ਸੇਵਾ ਤੇ ਸਿਮਰਨ ਵਿਚ ਲੱਗ ਗਏ। ਆਪ ਜੀ ਲੰਗਰ ਲਈ ਬਾਲਣ ਅਤੇ ਪਾਣੀ ਦੀ ਸੇਵਾ ਕਰਨ ਲੱਗੇ। ਨਜ਼ਦੀਕੀ ਰਿਸ਼ਤੇਦਾਰੀ ਅਤੇ ਬੁਢਾਪੇ ਦੇ ਹੁੰਦਿਆਂ ਵੀ ਆਪ ਜੀ ਨੇ ਹਰ ਰੋਜ਼ ਦਰਿਆ ਬਿਆਸ ਤੋਂ ਜੋ ਖਡੂਰ ਸਾਹਿਬ ਤੋਂ ਤਿੰਨ ਮੀਲ ਤੋਂ ਵੱਧ ਦੂਰ ਸੀ ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਪਾਣੀ ਲਿਆਉਂਦੇ। ਇਕ ਵਾਰ ਆਪ ਜਦੋਂ ਜਲ ਲੈ ਕੇ ਮੁੜ ਰਹੇ ਸਨ ਤਾਂ ਮੀਂਹ ਅਤੇ ਤੇਜ਼ ਹਵਾ ਕਾਰਨ ਆਪ ਰਸਤੇ ਤੋਂ ਭਟਕੇ ਹੋਏ ਜੁਲਾਹਿਆਂ ਦੇ ਕਿੱਲੇ ਨਾਲ ਠੇਡਾ ਖਾ ਕੇ ਖੱਡੀ ਦੇ ਟੋਏ ਵਿਚ ਡਿੱਗ ਪਏ। ਖੜਾਕ ਸੁਣ ਕੇ ਜੁਲਾਹੀ ਨੇ ਕੁਬੋਲ ਬੋਲੇ ਕਿ ਡਿੱਗਾ ਹੋਣਾ ਹੈ ਅਮਰੂ ਨਿਥਾਵਾਂ? ਜਦੋਂ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਇਸ ਵਾਪਰੀ ਘਟਨਾ ਦਾ ਪਤਾ ਲੱਗਾ ਤਾਂ ਆਪ ਜੀ ਨੇ ਬਾਬਾ ਅਮਰਦਾਸ ਜੀ ਨੂੰ ਨਿਥਾਵਿਆਂ ਦੇ ਥਾਵ, ਨਿਮਾਣਿਆਂ ਦੇ ਮਾਣ, ਨਿਧਰਿਆਂ ਦੀ ਧਿਰ, ਨਿਆਸਰਿਆਂ ਦੇ ਆਸਰਾ, ਨਿਓਟਿਆਂ ਦੀ ਓਟ ਆਦਿ ਵਰਾਂ ਨਾਲ ਨਿਵਾਜਿਆ। ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਸਖ਼ਤ ਪਰੀਖਿਆ ਲਈ ਅਤੇ ਪੁੱਤਰਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਬਾਬਾ ਅਮਰਦਾਸ ਜੀ ਦੀ ਸ਼ਰਧਾ, ਸੇਵਾ ਤੇ ਯੋਗਤਾ ਨੂੰ ਪਹਿਚਾਨਦਿਆਂ ਹੋਇਆ 1552 ਈ. ਨੂੰ ਖਡੂਰ ਸਾਹਿਬ ਵਿਖੇ ਸਿੱਖ ਧਰਮ ਦੇ ਤੀਜੇ ਗੁਰੂ ਅਮਰਦਾਸ ਜੀ ਨੰ ਥਾਪ ਗੁਰਿਆਈ ਦੇ ਉੱਚ ਅਹੁੱਦੇ ਤੇ ਨਿਯੁਕਤ ਕੀਤਾ।



ਜੀਵਨ ਕਾਲ ਸਮੇਂ ਕੀਤੇ ਪ੍ਰਮੁੱਖ ਕਾਰਜ:-

1) ਗੋਇੰਦਵਾਲ ਵਸਾਇਆ:- ਗੋਂਦੇ ਮਰਵਾਹੇ ਦੀ ਬੇਨਤੀ ਮੰਨ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੋਂਦੇ ਨਾਲ ਜਾ ਕੇ ਬਿਆਸ ਦੇ ਪਾਸ ਨਗਰੀ ਵਸਾਉਣ ਦੀ ਆਗਿਆ ਕੀਤੀ। ਗੁਰੂ ਅਮਰਦਾਸ ਜੀ ਨੇ ਨਗਰੀ ਵਸਾਈ ਅਤੇ ਉਸ ਦਾ ਨਾਂ ਗੋਇੰਦਵਾਲ ਰੱਖਿਆ।

2) ਬਾਉਲੀ ਸਾਹਿਬ:- ਗੁਰੂ ਸਾਹਿਬ ਨੇ ਗੋਇੰਦਵਾਲ 84 ਪੌੜੀਆਂ ਵਾਲੀ ਇਕ ਬਹੁਤ ਵੱਡੀ ਬਾਉਲੀ ਬਣਵਾਈ ਜਿਸ ਵਿਚ ਬਿਨ੍ਹਾਂ ਕਿਸੇ ਮਜ਼ਬ ਜਾਤ-ਪਾਤ ਵਿਤਕਰੇ ਵੰਡ ਦੇ ਸਾਰੇ ਲੋਕ ਪਾਣੀ ਭਰ ਕੇ ਲਿਜਾਂਦੇ ਅਤੇ ਇਸ਼ਨਾਨ ਕਰਦੇ ਸਨ।

3) ਸੰਗਤ ਅਤੇ ਪੰਗਤ:- ਆਪ ਜੀ ਨੇ ਲੰਗਰ ਅਤੇ ਪੰਗਤ ਦੀ ਪਰੰਪਰਾ 'ਤੇ ਬਹੁਤ ਜ਼ੋਰ ਦਿੱਤਾ ਅਤੇ ਹੁਕਮ ਕੀਤਾ ਕਿ ਜਿਸ ਨੇ ਮੇਰੇ ਦਰਸ਼ਨ ਅਤੇ ਸੰਗਤ ਕਰਨੀ ਹੈ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕੇ।

4) ਸਮਾਜ ਸੁਧਾਰ:- ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਸਮਾਜ ਸੁਧਾਰ 'ਤੇ ਬਹੁਤ ਜ਼ੋਰ ਦਿੱਤਾ ਜਿਸ ਵਿਚ ਕਰਮ-ਕਾਂਡ, ਜਾਤ-ਪਾਤ, ਛੂਤ-ਛਾਤ, ਤੀਰਥ, ਵਰਤ, ਨੇਮ, ਮੜ੍ਹੀ, ਮਸਾਣਾਂ, ਤੇ ਕਬਰਾਂ ਦੀ ਪੂਜਾ ਤੋਂ ਲੁਕਾਈ ਨੂੰ ਹਟਾ ਕੇ ਇਕ ਅਕਾਲ ਪੁਰਖ ਦੇ ਸਿਮਰਨ ਨਾਲ ਜੋੜਿਆ।

5) ਜਾਤ-ਪਾਤ ਤੋੜ ਕੇ ਵਿਆਹ:- ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸਾਰੇ ਇਨਸਾਨ ਇਕ ਹਨ ਅਤੇ ਗ੍ਰਹਿਸਤ ਦੀ ਰਸਮ ਜਾਤ-ਪਾਤ ਅਤੇ ਗੋਤ ਨੂੰ ਦੇਖ ਕੇ ਨਹੀਂ ਕਰਨੀ ਚਾਹੀਦੀ, ਬਲਕਿ ਇਨਸਾਨ ਦੇ ਗੁਣ ਦੇਖ ਕੇ ਕਰਨੀ ਚਾਹੀਦੀ ਹੈ।

6) ਸਤੀ ਦੀ ਰਸਮ ਦਾ ਖੰਡਨ:- ਪੁਰਾਤਨ ਪਰੰਪਰਾ ਅਨੁਸਾਰ ਜਦੋਂ ਕਿਸੇ ਇਸਤਰੀ ਦਾ ਜਵਾਨ ਪਤੀ ਮਰ ਜਾਂਦਾ ਸੀ ਤਾਂ ਸਮਾਜ ਉਸ ਨੂੰ ਚਿਖਾ 'ਚ ਸੁੱਟ ਕੇ ਸਾੜ ਦਿੰਦਾ ਅਤੇ ਕਿਹਾ ਜਾਂਦਾ ਕਿ ਇਹ ਸਤੀ ਹੋ ਗਈ ਹੈ। ਗੁਰੂ ਜੀ ਨੇ ਉਪਦੇਸ਼ ਦੇ ਕੇ ਇਸ ਰਸਮ ਨੂੰ ਖ਼ਤਮ ਹੀ ਨਹੀਂ ਕੀਤਾ ਬਲਕਿ ਪਰਚਾਰ ਵੀ ਕੀਤਾ ਕਿ ਵਿਧਵਾ ਇਸਤਰੀ ਦਾ ਪੁਨਰ ਵਿਆਹ ਕਰਨਾ ਚਾਹੀਦਾ ਹੈ।

7) ਮੰਜੀਆਂ ਅਤੇ ਪੀੜ੍ਹੀਆਂ:- ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਤੇ 52 ਪੀੜ੍ਹੀਆਂ ਥਾਪ ਕੇ ਧਰਮ ਪਰਚਾਰ ਦੇ ਕੇਂਦਰ ਕਾਇਮ ਕੀਤੇ ਅਤੇ ਗੁਰਸਿੱਖ ਮਰਦ ਤੇ ਇਸਤਰੀਆਂ ਨੂੰ ਸਿੱਖੀ ਦੇ ਪਰਚਾਰ ਲਈ ਇਨ੍ਹਾਂ ਦਾ ਮੋਢੀ ਥਾਪਿਆ।

8) ਚੱਕ ਰਾਮਦਾਸ ਸਥਾਪਿਤ ਕਰਨਾ:- ਗੁਰੂ ਅਮਰਦਾਸ ਜੀ ਨੇ ਭਾਈ ਜੇਠਾ (ਰਾਮਦਾਸ ਜੀ) ਅਤੇ ਬਾਬਾ ਬੁੱਢਾ ਜੀ ਨੂੰ ਇਸ ਜਗ੍ਹਾਂ ਨੂੰ ਵਸਾਉਣ ਲਈ ਕਿਹਾ ਅਤੇ ਆਪ ਜਾ ਕੇ ਸਰੋਵਰ ਸਥਾਪਿਤ ਕਰਨ ਲਈ ਮਿੱਟੀ ਕੱਢੀ।

ਜੋਤੀ ਜੋਤ ਸਮਾਉਣਾ :- 1 ਸਤੰਬਰ ਸੰਨ 1574 ਨੂੰ ਗੁਰੂ ਅਮਰਦਾਸ ਜੀ ਨੇ ਭਾਈ ਰਾਮਦਾਸ ਜੀ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ, ਪੰਜ ਪਰਕਰਮਾਂ ਕੀਤੀਆਂ, ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਇਸ ਤੋਂ ਬਾਅਦ ਆਪ ਜੀ ਜੋਤੀ ਜੋਤ ਸਮਾ ਗਏ।



## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੇਖ

# ਮੀਰੀ-ਪੀਰੀ ਦੀ ਧਾਰਨਾ : ਰੂਹਾਨੀ ਧਾਰਮਿਕ ਅਤੇ ਸਮਾਜਿਕ ਪਰਿਪੇਖ



ਭਾਈ ਹਰਿਸਿਮਰਨ ਸਿੰਘ, ਸ੍ਰੀ ਅਨੰਦਰਪੁਰ ਸਾਹਿਬ*



ਸਪੱਸ਼ਟ ਹੈ ਕਿ ਸ੍ਰੀ ਹਰਿਮੰਦਰ ਰੂਪੀ ਦੇਹਾਂ, ਸਮਾਜ ਅਤੇ ਜਗਤ ਨੂੰ ਜਦੋਂ ਕਿਸੇ ਵੀ ਤਰ੍ਹਾਂ ਦੇ ਅੰਦਰੂਨੀ ਅਤੇ ਬਾਹਰੀ ਵਿਰੋਧ ਦਾ ਸਾਹਮਣਾ ਕਰਨਾ ਹੁੰਦਾ ਹੈ ਤਾਂ ਉਸ ਦੀ ਰਾਖੀ ਅਤੇ ਅਗਲੇਰੀ ਭੂਮਿਕਾ ਲਈ ਕਿਸੇ ਸ਼ਕਤੀ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਲਹਿਰ ਦੇ ਇਕ ਵਿਸ਼ੇਸ਼ ਪੜਾਅ ਉੱਤੇ ਹਰਿਮੰਦਰ ਸਿਧਾਂਤ, ਸੰਸਥਾ ਅਤੇ ਸਥਾਨ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ। ਉਹਨਾਂ ਮੀਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਅਮਲ ਅਤੇ ਸਮੁੱਚੇ ਵਿਚਾਰ ਦਾ ਆਧਾਰ ਬਣਾਇਆ, ਜਿਸ ਨੂੰ ਇਤਿਹਾਸ ਨੇ ਵੀ ਸੱਚ ਕਰ ਵਿਖਾਇਆ। ਕੀ ਇਨ੍ਹਾਂ ਦੋ ਪੂਰਕ ਸੰਸਥਾਵਾਂ ਨੂੰ ਇਹਨਾਂ ਦੇ ਇਸ ਵਿਸ਼ੇਸ਼ ਪ੍ਰਸੰਗ ਵਿਚ ਨਹੀਂ ਵਿਚਾਰਿਆ ਜਾਣਾ ਚਾਹੀਦਾ? ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਜ਼ਮੀਰ ਦੇ ਜ਼ਾਮਨ ਹਨ। ਮੀਰੀ ਤੇ ਪੀਰੀ ਦੀ ਧਾਰਨਾ ਅਤੇ ਇਸ ਦੀ ਕਿਰਿਆਸ਼ੀਲਤਾ, ਜਿਸ ਬਾਰੇ ਅੱਗੇ ਵਿਚਾਰ ਕੀਤਾ ਜਾ ਰਿਹਾ ਹੈ, ਇਸ ਜ਼ਾਮਨੀ ਨੂੰ ਸ਼ਕਤੀ ਅਤੇ ਸੱਚਾਈ ਪ੍ਰਦਾਨ ਕਰਦੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਜੁਗਤਿ ਦਾ ਪ੍ਰਕਾਸ਼ਨ ਹੈ ਅਤੇ ਮੀਰੀ-ਪੀਰੀ ਇਸ ਜੁਗਤਿ ਦੀਆਂ ਦੋ ਸ਼ਕਤੀਸ਼ਾਲੀ ਬਾਹਾਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਗੁਰਮਤਿ ਸਿਧਾਂਤਾਂ ਨੂੰ ਧਰਮ ਅਤੇ ਰਾਜਨੀਤੀ, ਸੱਤਾ, ਭਗਤੀ-ਸ਼ਕਤੀ, ਸੰਤ ਤੇ ਸਿਪਾਹੀ ਦੇ ਸੰਕਲਪ ਦੇ ਨਾਲ-ਨਾਲ ਜਥੇਬੰਦਕ ਅਤੇ ਵਿਵਹਾਰਕ ਆਧਾਰ ਮਿਲਿਆ। ਉਸ ਸਮੇਂ ਦੇ ਰਾਜਨੀਤਿਕ ਪਰਿਪੇਖ ਵਿਚ ਪੀਰੀ ਦੇ ਨਾਲ ਮੀਰੀ ਯਾਨੀ ਸਟੇਟ ਦੀ ਸੱਤਾ ਜਾਂ ਗੁਰੂ ਘਰ ਦੀ ਰਾਜਨੀਤਿਕ ਸ਼ਕਤੀ ਨੂੰ ਠੋਸ ਆਧਾਰ ਦੇਣਾ ਹੋਰ ਵੀ ਜ਼ਰੂਰੀ ਹੋ ਗਿਆ ਸੀ, ਕਿਉਂ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਘਰ ਦੇ ਅੰਦਰੂਨੀ ਸ਼ਰੀਕੇਬਾਜ਼ੀ ਵਾਲੇ ਹਾਲਾਤ ਉਲਟ ਪ੍ਰਭਾਵ ਪੈਦਾ ਕਰ ਰਹੇ ਸਨ। ਸਿੱਖੀ ਦੇ ਫੈਲਾਅ ਵੱਲ ਵੀ ਸਟੇਟ ਦੀਆਂ ਬਾਜ਼ ਅੱਖਾਂ ਲੱਗੀਆਂ ਹੋਈਆਂ ਸਨ। ਸਟੇਟ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਕੇ ਇਕ ਨੁਕਤੇ ਦੀ ਪ੍ਰਾਪਤੀ ਤਾਂ ਕਰ ਲਈ ਸੀ ਪਰ ਸਿੱਖ ਮਾਨਸਿਕਤਾ ਨੂੰ ਆਪਣੇ ਵਿਰੁੱਧ ਵੀ ਕਰ ਲਿਆ ਸੀ। ਅਜਿਹੇ ਗੰਭੀਰ ਇਤਿਹਾਸਕ ਮੋੜ ਉਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਤੇ ਵਧੇਰੇ ਜ਼ਿੰਮੇਵਾਰੀ ਆ ਪਈ, ਜਿਸ ਕਰਕੇ ਉਹਨਾਂ ਨੇ ਗੁਰੂ ਘਰ ਦੀ ਸ਼ਾਸਤਰੀਧਾਰੀ ਪਰੰਪਰਾ ਦੇ ਨਾਲ-ਨਾਲ ਸ਼ਸਤਰਧਾਰੀ ਪਰੰਪਰਾ, ਜੋ ਪਹਿਲੇ ਗੁਰੂ ਸਾਹਿਬਾਨ ਦੀ ਅਗਵਾਈ ਦੇ ਮਨਾਂ ਵਿਚ ਵਿਚਰਦੀ ਸੀ, ਦੀ ਬੁਨਿਆਦ ਰੱਖ ਦਿੱਤੀ। ਡਾ.ਬਲਕਾਰ ਸਿੰਘ ਦੇ ਸ਼ਬਦਾਂ ਵਿਚ, ਹਰਿਮੰਦਰ ਸਾਹਿਬ ਰਾਹੀਂ ਖਾਲਸਾ ਜੋਤਿ ਦੀ ਪ੍ਰਤੀਨਿਧਤਾ ਹੋ ਗਈ ਸੀ ਅਤੇ ਅਕਾਲ ਤਖ਼ਤ ਰਾਹੀਂ ਖਾਲਸਾਈ ਜੁਗਤਿ ਦੀ ਮੀਰੀ ਤੇ ਪੀਰੀ ਦੇ ਸੁਤੰਤਰ ਜਾਂ ਇਕ ਪਰਤੀ ਸੰਕਲਪਾਂ ਨੂੰ ਇਕ ਦੂਜੇ ਦੀ ਸਮਾਨਾਂਤਰਤਾ ਵਿਚੋਂ ਕੱਢ ਕੇ, ਇਕ ਦੂਜੇ ਦੇ ਪੂਰਕ ਵਜੋਂ ਸਾਹਮਣੇ ਲਿਆਉਣ ਕਾਰਨ ਗੁਰਮਤਿ ਦੇ ਸੁਤੰਤਰ ਸਮਸਰ ਮਾਡਲ ਦੀ ਸਥਾਪਨਾ ਹੋ ਗਈ ਹੈ। ਅਕਾਲ ਤਖ਼ਤ ਸਾਹਿਬ ਨੂੰ ਇਸ ਨਾਲੋ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪੰਥਕ ਜਥੇਬੰਦੀ ਦਾ ਕਾਰਜ ਗੁਰਮਤਿ ਚਿੰਤਨ ਦੇ ਆਰੰਭ ਤੋਂ ਹੀ ਜੋਤਿ

* ਡਾਇਰੈਕਟਰ, ਗੁਰਮਤਿ ਸ੍ਰੀ ਦਸ਼ਮੇਸ਼ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ, 98725-91713

ਅਤੇ ਜੁਗਤਿ ਦੀ ਰੌਸ਼ਨੀ ਵਿਚ ਚਲਦਾ ਆ ਰਿਹਾ ਹੈ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਪੰਥਕ ਜਥੇਬੰਦੀ ਦੇ ਕਾਰਜ ਦਾ ਕੇਂਦਰੀਕਰਨ ਹੋ ਗਿਆ ਹੈ।

ਜਦੋਂ ਕੋਈ ਲਹਿਰ ਮਨੁੱਖ ਦੀ ਜ਼ਿੰਦਗੀ ਦੇ ਸਮਾਜਿਕ ਪੱਖ ਨੂੰ ਵੀ ਨਾਲ ਲੈ ਕੇ ਚਲਦੀ ਹੈ, ਉਦੋਂ ਉਸ ਦਾ ਰਾਜਨੀਤਿਕ ਸਰੂਪ ਬਣਨਾ ਅਤੇ ਰਾਜਨੀਤੀ ਦੇ ਖੇਤਰ ਵਿਚ ਪ੍ਰਵੇਸ਼ ਕਰਨਾ ਲਾਜ਼ਮੀ ਹੋ ਜਾਂਦਾ ਹੈ। ਸਿੱਖ ਪੰਥ ਦੀਆਂ ਹਰਿਮੰਦਰ ਦੇ ਪ੍ਰਕਾਸ਼ ਰਾਹੀ਼ ਅਧਿਆਤਮਕ ਅਤੇ ਧਾਰਮਿਕ ਲੋੜਾਂ ਦੀ ਪੂਰਤੀ ਤਾਂ ਹੋ ਰਹੀ ਸੀ ਪਰ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਵਿਚ ਸਿੱਖ ਜੁਗਤਿ ਦੇ ਜਥੇਬੰਦਕ ਕਾਰਜ ਦਾ ਕੇਂਦਰੀਕਰਨ ਹੋ ਗਿਆ, ਜਿਸ ਦੀ ਅਗਵਾਈ ਗੁਰੂ ਮਹਾਰਾਜ ਆਪ ਜ਼ਾਹਰਾ ਰੂਪ ਵਿਚ ਕਰਦੇ ਸਨ। ਇਸੇ ਲਈ ਉਹਨਾਂ ਨੇ ਧਰਮ ਤੇ ਰਾਜਨੀਤੀ/ਸੱਤਾ ਦੀਆਂ ਪ੍ਰਤੀਕ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ।

ਇਕ ਕ੍ਰਿਪਾਨ ਪੀਰੀ ਯਾਨੀ ਹਰਿਮੰਦਰ ਸਾਹਿਬ ਅਰਥਾਤ ਸਿੱਖ ਧਰਮ, ਵਿਚਾਰਧਾਰਾ ਅਤੇ ਰੂਹਾਨੀਅਤ ਦਾ ਸੰਦੇਸ਼ ਦਿੰਦੀ ਸੀ ਤਾਂ ਮੀਰੀ ਦੀ ਕ੍ਰਿਪਾਨ ਅਕਾਲ ਤਖ਼ਤ ਸਾਹਿਬ ਯਾਨੀ ਸਿੱਖ ਰਾਜਨੀਤੀ ਅਥਵਾ ਗੁਰਮਤਿ ਦਾ ਸਮਾਜਿਕ ਪਰਿਪੇਖ ਅਤੇ ਸਿੱਖ ਸੰਘਰਸ਼ ਦੀ ਸੰਗਰੂਪਤਾ ਦਾ ਪ੍ਰਗਟਾਅ ਕਰਦੀ ਸੀ। ਇਸ ਲਈ ਸਿਧਾਂਤ ਅਤੇ ਕਾਰਜਕੁਸ਼ਲਤਾ ਦੇ ਖੇਤਰ ਵਿਚ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਇਕ ਦੂਜੇ ਦੀਆਂ ਪੂਰਕ ਸੰਸਥਾਵਾਂ ਦੇ ਰੂਪ ਵਿਚ ਜਿਸ ਧਾਰਨਾ ਅਧੀਨ ਸਥਾਪਿਤ ਕੀਤੀਆਂ ਗਈਆਂ ਸਨ, ਉਸੇ ਹੀ ਵੇਗ ਵਿਚ ਬਾਅਦ ਵਿਚ ਗੁਰੂ ਖ਼ਾਲਸਾ ਪੰਥ ਦੇ ਯਤਨਾਂ ਅਤੇ ਇਤਿਹਾਸਿਕ ਵਿਕਾਸ ਨਾਲ ਇਕ ਦੂਜੇ ਦੀਆਂ ਪੂਰਕ ਸੰਸਥਾਵਾਂ ਸਥਾਪਿਤ ਹੋ ਗਈਆਂ, ਜੋ ਇਕੋ ਸਮੇ਼ ਵੱਖਰੀਆਂ-ਵੱਖਰੀਆਂ ਵੀ ਹਨ ਤੇ ਇਕੋ ਸਮੇਂ ਇੱਕਠੀਆਂ ਵੀ ਵਿਚਰਦੀਆਂ ਹਨ। ਹਰਿਮੰਦਰ ਸਾਹਿਬ ਨੂੰ ਅਕਾਲ ਤਖ਼ਤ ਸਾਹਿਬ ਤੋਂ ਅਥਵਾ ਅਕਾਲ ਤਖ਼ਤ ਸਾਹਿਬ ਨੂੰ ਹਰਿਮੰਦਰ ਸਾਹਿਬ ਤੋਂ ਵੱਖਰਿਆਂ ਕਰਕੇ ਨਹੀਂ ਵੇਖਿਆ ਜਾ ਸਕਦਾ। ਦੋਨੋਂ ਸੰਸਥਾਵਾਂ ਨੂੰ ਅੰਮ੍ਰਿਤਸਰ ਤੋ ਦੂਰ ਵੀ ਨਹੀਂ ਲਿਜਾਇਆ ਜਾ ਸਕਦਾ। ਗੁਰਮਤਿ ਚਿੰਤਨ ਪ੍ਰਸੰਗ ਵਿਚ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੂੰ ਡਾ. ਬਲਕਾਰ ਸਿੰਘ ਆਪਣੀ ਪੁਸਤਕ, ਅਕਾਲ ਤਖ਼ਤ ਸਾਹਿਬ ਜੋਤਿ ਤੇ ਜੁਗਤਿ ਦੇ ਪੰਨਾ 3 ਉਤੇ ਇਸ ਤਰ੍ਹਾਂ ਬਿਆਨ ਕਰਦੇ ਹਨ-

ਅਕਾਲ ਤਖ਼ਤ ਸਾਹਿਬ, ਕੇਵਲ ਮਾਤਰ ਧਾਰਮਿਕ ਸਥਾਨ ਹੀ ਨਹੀਂ ਸਗੋਂ ਚਿੰਤਨ ਪ੍ਰਸੰਗ ਵਿਚ ਅਕਾਲ ਤਖ਼ਤ ਸਾਹਿਬ ਤਾਂ ਸਿੱਖੀ ਦੇ ਸਮੁੱਚ ਦਾ ਪ੍ਰੀਤਨਿਧਤਵ ਕਰਨ ਵਾਲਾ ਸੰਕਲਪੀ ਪ੍ਰਕਾਸ਼ਨ ਹੈ। ਇਸ ਸੰਕਲਪ ਦੇ ਬੀਜ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿਚ ਵਿਦਮਾਨ ਸਨ ਅਤੇ ਇਸ ਸੰਕਲਪ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ। ਅਕਾਲ ਤਖ਼ਤ ਸਾਹਿਬ ਕਿਸੇ ਵਕਤੀ ਮਜਬੂਰੀ ਵਿਚੋਂ ਪੈਦਾ ਹੋਈ, ਵਕਤੀ ਲੋੜ ਦੀ ਪੂਰਤੀ ਲਈ, ਕਿਸੇ ਖਾਸ ਸਮੇਂ ਅਤੇ ਸਥਿਤੀ ਵਾਸਤੇ ਸਾਹਮਣੇ ਆਈ ਸੰਸਥਾ ਨਹੀਂ ਹੈ। ਸੰਸਥਾਵਾਂ ਨੂੰ ਇਹ ਤਿੰਨੇ ਬੰਧਨ ਰਹਿੰਦੇ ਹੀ ਹਨ। ਪਰ ਅਕਾਲ ਤਖ਼ਤ ਸਾਹਿਬ ਸਮਾਜ ਵਜੋਂ ਇਨ੍ਹਾਂ ਤਿੰਨਾਂ ਬੰਧਨਾਂ ਤੋਂ ਮੁਕਤ ਹੈ। ਸੋ ਅਕਾਲ ਤਖ਼ਤ ਸਾਹਿਬ ਤਾਂ ਗੁਰਮਤਿ ਚਿੰਤਨ ਦਾ ਨਾ ਕੇਵਲ ਅਟੁਟ ਅੰਗ ਹੈ ਸਗੋਂ ਗੁਰਮਤਿ ਚਿੰਤਨ ਦੀ ਨੁਮਾਇੰਦਾ ਸੰਸਥਾ ਵੀ ਹੈ। ਇਸੇ ਲਈ ਇਸ ਦੀ ਸਿਰਜਣਾ ਅਤੇ ਸਾਜਨਾ ਉਸ ਸਿੱਖ ਅਧਿਆਤਮਕ ਜੁਗਤਿ ਦਾ ਭਾਗ ਹੈ, ਜਿਸ ਦੈਵੀ ਜੁਗਤਿ ਅਧੀਨ ਧਰਮ ਚਲਾਵਨ ਸੰਤ ਉਭਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ ਵਾਸਤੇ ਸਿੱਖ ਧਰਮ ਪ੍ਰਗਟ ਹੋਇਆ ਸੀ। ਇਸ ਵਾਸਤੇ ਅਕਾਲ ਤਖ਼ਤ ਆਪਣੇ ਆਪ ਵਿਚ ਸੰਪੂਰਨ ਗੁਰਮਤਿ ਸੰਕਲਪ ਹੈ ਅਤੇ ਜਥੇਬੰਦੀ ਦੇ ਪੱਧਰ ਤੇ ਚੜ੍ਹਦੀ ਕਲਾ ਵਾਲੇ ਜੀਵਨ ਵਾਸਤੇ ਪ੍ਰੇਰਨਾ ਵੀ ਹੈ। ਸਿੱਖ ਸਮਾਜ ਵਿਚ ਧਰਮ ਅਤੇ ਸਿਆਸਤ ਦੋਵੇਂ ਹੀ ਅਕਾਲ ਤਖ਼ਤ ਰਾਹੀਂ ਨਿਰਦੇਸ਼ਤ ਹੁੰਦੇ ਰਹੇ ਹਨ।

ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੋ ਭਾਂਤੀ ਅਲੱਗ-ਅਲੱਗ ਨਜ਼ਰ ਆਉਂਦਿਆਂ ਸੰਸਥਾਵਾਂ ਹੋਣ ਦੇ ਬਾਵਜੂਦ ਵੀ ਇਕ ਦੂਜੀ ਸੰਸਥਾ ਦੇ ਸੰਕਲਪੀ ਤੇ ਸੰਸਥਾਤਮਕ ਆਧਾਰਾਂ ਅਨੁਸਾਰ ਇਕ ਦੂਜੇ ਨੂੰ ਸ਼ਕਤੀ ਦਿੰਦੀਆ ਹਨ, ਜਿਸ ਦਾ ਪ੍ਰਗਟਾਵਾ ਅਸਲ ਵਿਚ ਪੰਥ ਦੀ ਸਮੁੱਚੀ ਸ਼ਕਤੀ ਦੇ ਰੂਪ ਵਿਚ ਹੁੰਦਾ ਹੈ। ਇਹ ਇਕ ਦੂਜੇ ਦੀਆਂ ਪੂਰਕ ਸੰਸਥਾਵਾਂ ਹਨ ਜਿਨ੍ਹਾਂ ਦੀ ਇਹ ਪੂਰਕਤਾ ਤੇ ਨੇੜਤਾ ਅਕਾਲ ਤਖ਼ਤ ਸਾਹਿਬ ਸਾਹਮਣੇ ਝੂਲਦੇ ਨਿਸ਼ਾਨ ਸਾਹਿਬ, ਜਿਥੇ ਇਹਨਾਂ ਦੋ ਧਾਰਾਵਾਂ ਦੀ ਸ਼ਕਤੀ ਦਾ ਸਾਂਝਾ ਸੋਮਾ ਹੈ, ਉਥੇ ਇਹ ਇਹਨਾਂ ਦੀ ਆਪਸੀ ਸਾਂਝ ਤੇ ਪਰਸਪਰ ਸਬੰਧਾਂ ਦੀਆ ਸੇਵਾਵਾਂ ਅਨੁਸਾਰ ਪ੍ਰੇਰਨਾ-ਸਰੋਤ ਹਨ। ਇਹ ਚਿੰਨ੍ਹਾਤਮਕ ਨਿਸ਼ਾਨ ਉਪਰੋਕਤ ਵਿਚਾਰ ਤੇ ਇਸ ਸਬੰਧੀ ਸਮੁੱਚੀ ਫ਼ਿਲਾਸਫ਼ੀ ਨੂੰ ਬਿਆਨ ਕਰਦਾ ਹੈ। ਮੀਰੀ-ਪੀਰੀ ਦੀ ਧਾਰਨਾ ਤੇ ਇਸ ਦੀ ਸਮਾਜਿਕਤਾ ਨੂੰ ਉਪਰੋਕਤ ਸੰਦਰਭ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ।

ਮੁਗਲ ਸੱਤਾ ਵੱਲੋਂ ਜਹਾਂਗੀਰ ਦੇ ਵਿਸ਼ੇਸ਼ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਨੂੰ 1606 ਈਸਵੀਂ ਵਿਚ ਸ਼ਹੀਦ ਕਰ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਢਲਾ ਕਾਰਨ ਜਹਾਂਗੀਰ ਦੀ ਗੁਰੂ ਘਰ ਪ੍ਰਤੀ ਅਪਣਾਈ ਗਈ ਕੱਟੜ ਨੀਤੀ ਸੀ। ਉਹ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਨੂੰ ਵੀ ਇਸਲਾਮ ਅਤੇ ਮੁਗਲ ਸਲਤਨਤ ਲਈ ਖ਼ਤਰਾ ਸਮਝਦਾ ਸੀ। ਮੈਕਾਲਿਫ ਆਪਣੀ ਪੁਸਤਕ ਦੀ ਸੈਂਚੀ ਪਹਿਲੀ ਦੇ ਪੰਨਾ 100 ਉਤੇ ਲਿਖਦਾ ਹੈ: ਸੋ ਗੁਰੂ ਅਰਜਨ ਆਪਣੀ ਪਵਿੱਤਰਤਾ, ਹਿੰਦੂਆਂ ਮੁਸਲਮਾਨਾਂ ਨੂੰ ਸਿੱਖ ਬਣਾਉਣ, ਗ੍ਰੰਥ ਸਾਹਿਬ ਦਾ ਸੰਕਲਨ ਕਰਨ ਤੇ ਆਪਣੇ ਪਹਿਲੇ ਹਿਤਕਾਰੀ ਦੇ ਪੋਤੇ ਨੂੰ ਸਹਾਇਤਾ ਦੇਣ ਖਾਤਰ ਮੁਸਲਮਾਲ ਸ਼ਹਿਨਸ਼ਾਹ ਦੇ ਜ਼ੁਲਮ ਅਤੇ ਧਾਰਮਿਕ ਕਟੱੜਤਾ ਦਾ ਸ਼ਿਕਾਰ ਬਣੇ।

ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼ ਹਰਿਮੰਦਰ ਵਿਚ ਹੋਇਆ। ਇੰਵ ਹਰਿਮੰਦਰ ਤੇ ਆਦਿ (ਗੁਰੂ) ਗ੍ਰੰਥ ਇਕ ਰੂਪ ਹੋ ਗਏ। ਹਰਿਮੰਦਰ ਸਿੱਖੀ ਦਾ ਪ੍ਰਾਣ ਕੇਂਦਰ ਸੀ (ਹੈ)। ਸਿੱਖੀ ਤੇ ਸਿੱਖ ਸਿਧਾਂਤ ਵਕਤ ਦੀ ਮੁਗਲ ਸੱਤਾ ਨੂੰ ਆਪਣੀ ਹੋਂਦ ਲਈ ਖ਼ਤਰਾ ਨਜ਼ਰ ਆਉਂਦੇ ਸਨ। ਅਜਿਹੀ ਹਾਲਤ ਵਿਚ ਗੁਰੂ ਹਰਿਗੋਬਿੰਦ ਸਾਹਿਬ ਸਮੁੱਚੀ ਸਿੱਖ ਲਹਿਰ ਨੂੰ ਹੋਰ ਸ਼ਕਤੀਸ਼ਾਲੀ ਕਰਨ ਅਤੇ ਸਮੇਂ ਦੀਆਂ ਲੋੜਾਂ



ਅਨੁਸਾਰ ਨਵੇਂ ਫੈਸਲੇ ਕਿਉਂ ਨਾ ਲੈਂਦੇ? ਉਪਰੋਕਤ ਵਿਚਾਰ ਦੀਆਂ ਵੱਖ-ਵੱਖ ਕੜੀਆਂ ਨੂੰ ਜੋੜਨ ਤੋਂ ਸਪੱਸ਼ਟ ਹੈ ਕਿ ਸਿੱਖ ਪੰਥ ਦੀ ਅੰਦਰੂਨੀ, ਰੂਹਾਨੀ ਅਤੇ ਸਮਾਜੀ ਸ਼ਖ਼ਸੀਅਤ ਦਾ ਸਮੁੱਚ ਹਰਿਮੰਦਰ ਰੂਪੀਂ ਸਰੀਰ'' (ਗੁਰਮੁਖ), ਸਤਿਸੰਗ (ਧਾਰਮਿਕਤਾ ਤੇ ਸਮਾਜਿਕਤਾ) ਅਤੇ ਜਗਤ (ਵਿਸ਼ਵ ਆਰਡਰ) ਵਿਚ ਨਿਹਿਤ ਹੈ। ਅੰਮ੍ਰਿਤਸਰ ਸ਼ਹਿਰ ਵਿਚ ਸਥਿਤ ਸੱਚਖੰਡ-ਰੂਪੀ ਹਰਿਮੰਦਰ ਦੀ ਰੂਹਾਨੀਅਤ ਨਾਲ ਇਕਮਿਕ ਹੋ ਕੇ ਮਨੁੱਖ ਦੀਆਂ ਰੂਹਾਨੀ ਲੋੜਾਂ ਪੂਰੀਆਂ ਹੁੰਦੀਆਂ ਹਨ ਅਤੇ ਜਿਸ ਦੇ ਵਿਰੋਧ ਵਿਚ ਮੁਗਲ ਸੱਤਾ ਆ ਖੜ੍ਹੀ ਹੋਈ ਸੀ।

ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਜੇਕਰ ਮੁਗਲ ਸੱਤਾ, ਸਿੱਖ ਪੰਥ ਅਤੇ ਗੁਰੂ ਸਾਹਿਬ ਦਾ ਵਿਰੋਧ ਨਾ ਕਰਦੀ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵੀ ਨਾ ਹੁੰਦੀ ਤਾਂ ਸ਼ਾਇਦ ਅਕਾਲ ਤਖ਼ਤ ਸਾਹਿਬ ਅਥਵਾ ਮੀਰੀ-ਪੀਰੀ ਦੇ ਸਿਧਾਂਤ ਦੀ ਬੁਨਿਆਦ ਹੀ ਨਾ ਰੱਖੀ ਜਾਂਦੀ। ਪਰ ਜਿਸ ਵਿਚਾਰ ਦੀਆਂ ਅਸੀਂ ਉਪਰ ਕੜੀਆਂ ਜ਼ੋੜੀਆਂ ਹਨ ਉਹਨਾਂ ਨੂੰ ਧਿਆਨ ਵਿਚ ਰੱਖਦਿਆਂ ਸਪੱਸ਼ਟ ਹੁੰਦਾ ਹੈ ਕਿ ਜਿਵੇਂ ਹਰਿਮੰਦਰ ਸਰੀਰ ਦੇ ਅੰਦਰ ਹੀ ਵਿਰੋਧ ਜਾਂ ਉਲਟ ਬਿਰਤੀਆਂ ਬੈਠੀਆਂ ਹਨ, ਉਸੇ ਤਰ੍ਹਾਂ ਹੀ ਹਰਿਮੰਦਰ ਦੀ ਸਥਾਪਨਾ ਨਾਲ ਇਸ ਦਾ ਅੰਦਰੋਂ ਅਤੇ ਬਾਹਰੋਂ ਵਿਰੋਧ ਹੋਣਾ ਕੁਦਰਤੀ ਸੀ। ਇਤਿਹਾਸਕ ਸ਼ਕਤੀਆਂ ਦਾ ਜ਼ੋਰ ਹੀ ਕੁੱਝ ਅਜਿਹਾ ਹੁੰਦਾ ਹੈ ਕਿ ਜਿਹਨਾਂ ਇਤਿਹਾਸਕ ਅਥਵਾ ਸਿਧਾਂਤਕ ਸੰਸਥਾਵਾਂ ਅਤੇ ਸੰਕਲਪਾਂ ਦੀ ਨੀਂਹ ਰੱਖੀ ਜਾਣੀ ਹੁੰਦੀ ਹੈ, ਸਮੇਂ ਦੀਆਂ ਪੈੜਾਂ ਉੱਤੇ ਉਨ੍ਹਾਂ ਦੇ ਨਕਸ਼ ਆਪਣੇ ਆਪ ਉੱਘੜ ਆਉਂਦੇ ਹਨ।

ਹਰਿਮੰਦਰ ਸਿੱਖ ਦੇ ਅੰਦਰ ਹੈ। ਹਰਿਮੰਦਰ ਅਕਾਲ ਪੁਰਖ ਦਾ ਇਕ ਰੂਪ ਹੈ। ਕੂੜ ਅਤੇ ਜਬਰ ਜ਼ੁਲਮ ਦਾ ਵਿਰੋਧ ਕਰਨਾ ਸਿੱਖ ਦੀ ਮੁੱਢਲੀ ਫਿਤਰਤ ਹੈ। ਬਾਬਰ ਦੇ ਜ਼ੁਲਮ ਅੱਗੇ ਜਦੋਂ ਸਾਰਾ ਹਿੰਦੁਸਤਾਨ ਚੁੱਪ ਸੀ ਉਦੋਂ ਹੀ ਗੁਰੂ ਨਾਨਕ ਦੇ ਰੂਪ ਵਿਚ ਮੀਰੀ ਤੇ ਪੀਰੀ ਦਾ ਸਿਧਾਂਤ ਅਥਵਾ ਅਕਾਲ ਤਖ਼ਤ ਸਾਹਿਬ ਬੀਜ ਰੂਪ ਵਿਚ ਪੁੰਗਰ ਚੁੱਕੇ ਸਨ। ਹਰਿਮੰਦਰ (ਸਿਧਾਂਤ) ਦੇ ਅੰਦਰ ਜਦੋਂ ਅਕਾਲ ਤਖ਼ਤ ਸਾਹਿਬ ਮੌਜੂਦ ਹੈ ਤਾਂ ਅਕਾਲ ਤਖ਼ਤ ਸਾਹਿਬ ਦੇ ਅੰਦਰ ਮੀਰੀ ਤੇ ਪੀਰੀ ਦਾ ਸਿਧਾਂਤ ਵੀ ਨਿਹਿਤ ਹੈ। ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਦੀ ਸੁਯੋਗ ਨੌਜਵਾਨ ਅਗਵਾਈ ਹੇਠਾਂ ਸਿੱਖਾਂ ਦੀ ਰੂਹਾਨੀਅਤ ਨੂੰ ਅਜਿਹਾ ਨਵਾਂ ਰੂਪ ਮਿਲਣਾ ਕੁਦਰਤੀ ਸੀ। ਜੇਕਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾ ਵੀ ਹੁੰਦੀ ਤਾਂ ਵੀ ਅਕਾਲ ਤਖ਼ਤ ਸਾਹਿਬ ਤੇ ਮੀਰੀ-ਪੀਰੀ ਦੀ ਬੁਨਿਆਦ ਰੱਖੀ ਹੀ ਜਾਣੀ ਸੀ। ਇਹ ਅਕਾਲ ਪੁਰਖ ਤੇ ਗੁਰੂ ਦੇ ਕੌਤਕ ਹੀ ਹੁੰਦੇ ਹਨ ਜਿਨ੍ਹਾਂ ਨੂੰ ਮੰਨਣਾ ਅਤੇ ਇਤਿਹਾਸ ਨੂੰ ਸਿਧਾਂਤ ਰੂਪ ਵਿਚ ਪ੍ਰਵਾਨ ਕਰ ਲੈਣਾ ਸਾਡੇ ਵਾਸਤੇ ਜ਼ਰੂਰੀ ਹੁੰਦਾ ਹੈ। ਜਦ ਇਤਿਹਾਸ ਸਿਧਾਂਤ ਨਾਲ ਜੁੜਿਆ ਹੁੰਦਾ ਹੈ ਤਾਂ ਸਿਧਾਂਤ ਇਤਿਹਾਸ ਵਿਚੋਂ ਵੀ ਆਪਣੇ ਅੰਕੁਰ ਤੇ ਨਕਸ਼ ਉਘੇੜਦਾ ਹੈ। ਡਾ.ਬਲਕਾਰ ਸਿੰਘ ਆਪਣੀ ਉਪਰੋਕਤ ਪੁਸਤਕ ਦੇ ਪੰਨਾ 11 ਉੱਤੇ ਲਿਖਦੇ ਹਨ, ਇਤਿਹਾਸਕਤਾ ਨੂੰ ਸਿਧਾਂਤ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ, ਕਿਉਂਕਿ ਇਤਿਹਾਸਕਤਾ ਸਿਧਾਂਤ ਦਾ ਪ੍ਰਗਟਾਵਾ ਹੀ ਤਾਂ ਹੈ। ਸਿਧਾਂਤ ਨਾਲੋਂ ਟੁੱਟੀ ਹੋਈ ਇਤਿਹਾਸਕਤਾ ਦਾ ਮੋਹ, ਮਨੁੱਖ ਦੀ ਸੋਚ ਨੂੰ ਸੀਮਿਤ ਕਰਦਾ ਹੈ ਅਤੇ ਪਹੁੰਚ ਨੂੰ ਕੱਟੜ ਬਣਾਉਂਦਾ ਹੈ। ਸੋ ਇਤਿਹਾਸ ਦੀ ਸਾਰਥਿਕਤਾ ਵਰਤਮਾਨ ਦੀ ਸਦ-ਪ੍ਰਸੰਗਿਕਤਾ ਵਿਚ ਹੈ। ਅਸਲ ਵਿਚ ਇਤਿਹਾਸ ਉਹੀ ਸਾਰਥਕ ਹੁੰਦਾ ਹੈ, ਜਿਸ ਦਾ ਭੂਤ ਤੇ ਭਵਿੱਖ, ਸਿਧਾਂਤ ਵਿਚੋਂ ਲੱਭ ਵੀ ਸਕਦਾ ਹੈ ਤੇ ਸਿਧਾਂਤ ਦਾ ਪ੍ਰਕਾਸ਼ਨ ਵੀ ਹੁੰਦਾ ਹੈ। ਇਤਿਹਾਸ ਦੀ ਸਕ੍ਰਿਅਤਾ ਭੂਤ-ਮੂਲਕ ਹੋਣ ਵਿਚ ਅਤੇ ਭਵਿੱਖਮੁਖੀ ਰਹਿਣ ਵਿਚ ਵੀ ਪਰਵਾਨ ਕੀਤੀ ਜਾਂਦੀ ਹੈ। ਭੂਤਮੁਖੀ ਇਤਿਹਾਸ ਦੀ ਸੀਮਾ ਵਿਚ ਰਹਿਣ ਨਾਲ ਅਕਸਰ ਭਵਿੱਖ ਗੁਆਚ ਜਾਂਦਾ ਹੈ। ਸੋ ਸਿਧਾਂਤ-ਮੁਲਕ ਇਤਿਹਾਸ ਹੀ ਪੁਤ ਸਪੁਤ ਕਰੇਨਿ ਦੀ ਭੂਮਿਕਾ ਨਿਭਾ ਸਕਦਾ ਹੈ। ਅਕਾਲ ਤਖ਼ਤ ਸਾਹਿਬ ਨੂੰ ਪ੍ਰੇਰਣਾ ਹਮੇਸ਼ਾ ਹਰਿਮੰਦਰ ਸਾਹਿਬ ਤੋਂ ਹੀ ਪ੍ਰਾਪਤ ਹੁੰਦੀ ਰਹੀ ਹੈ।

ਸੋ ਸਪੱਸ਼ਟ ਹੋਇਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੋਈ ਵਕਤੀ ਘਟਨਾ ਨਹੀਂ ਸੀ, ਸਗੋਂ ਇਹ ਹਰਿਮੰਦਰ ਦੀ ਲੋੜ ਸੀ। ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਸੌਂਪਣ ਲਈ ਹਰਿਮੰਦਰ ਸਾਹਿਬ ਸਾਹਮਣੇ ਸਿੱਖ ਸੰਗਤਾਂ ਦਾ ਇਕ ਵਿਸ਼ੇਸ਼ ਇਕੱਠ ਹੋਇਆ। ਉਹਨਾਂ ਰਵਾਇਤਾਂ ਤੋਂ ਉਲਟ ਬਾਬਾ ਬੁੱਢਾ ਜੀ ਤੇ ਹੋਰ ਸਬੰਧਿਤ ਗੁਰਸਿੱਖਾਂ ਨੂੰ ਦੋ ਕਿਰਪਾਨਾਂ ਲਿਆਉਣ ਲਈ ਕਿਹਾ। ਮਾਤਾ ਗੰਗਾ ਜੀ ਅਤੇ ਮਸੰਦ ਆਗੂ ਉਹਨਾਂ ਦੀ ਇਸ ਮੰਗ ਤੋਂ ਹੈਰਾਨ ਹੋਏ। ਗੁਰਿਆਈ ਦੀ ਰਸਮ ਸਮੇਂ ਉਹਨਾ ਇਕ ਕਿਰਪਾਨ ਆਪਣੇ ਸਰੀਰ ਦੇ ਸੱਜੇ ਪਾਸੇ ਪਹਿਨ ਲਈ ਅਤੇ ਦੂਜੀ ਕਿਰਪਾਨ ਨੂੰ ਆਪਣੇ ਖੱਬੇ ਪਾਸੇ ਪਹਿਨ ਲਿਆ। ਉਹਨਾਂ ਇਹਨਾਂ ਨੂੰ ਮੀਰੀ ਤੇ ਪੀਰੀ ਦੀਆ ਸਿਧਾਂਤਕ ਪ੍ਰਤੀਕ ਕਿਹਾ। ਉਹਨਾਂ ਹੁਕਮ ਦਿੱਤਾ ਕਿ ਇਕ ਕਿਰਪਾਨ ਸਿੱਖ ਮੀਰੀ ਲਈ ਲੜੇਗੀ ਤੇ ਦੂਜੀ ਪੀਰੀ ਦੀ ਰਾਖੀ ਕਰੇਗੀ। ਸਿੱਖ ਲਈ ਸ਼ਸਤਰ-ਬਸਤਰ ਅਤੇ ਘੋੜੇ ਉਹਨਾਂ ਦੇ ਜੀਵਨ ਦਾ ਨਿੱਤ ਦਾ ਅੰਗ ਅਤੇ ਸ਼ਿੰਗਾਰ ਬਣ ਗਏ।

ਸਿੱਖ ਰੂਹਾਨੀਅਤ ਨਾਲ ਲਬਰੇਜ਼ ਹਰਿਮੰਦਰ ਸਾਹਿਬ ਦਾ ਆਲਾ-ਦੁਆਲਾ ਘੋੜ ਸਵਾਰ ਮੁਕਾਬਲਿਆਂ, ਪਹਿਲਵਾਨੀ ਅਖਾੜਿਆਂ, ਸ਼ਸਤਰ ਸਿਖਲਾਈ, ਨਵੀਆਂ ਹਥਿਆਰਬੰਦ ਖੇਡਾਂ ਅਤੇ ਅਕਾਲ ਦੇ ਜੈਕਾਰਿਆਂ ਦੇ ਰੂਹਾਨੀ ਰੰਗ ਵਿਚ ਰੰਗਿਆ ਗਿਆ। ਹਰਿਮੰਦਰ ਸਾਹਿਬ ਦੇ ਸਾਹਮਣੇ ਹਰਿਮੰਦਰ ਦੀ ਸ਼ਕਤੀ ਪ੍ਰਾਪਤ ਕਰਦਾ ਅਕਾਲ ਬੁੰਗਾ (ਤਖ਼ਤ), ਗੁਰੂ ਦੇ ਨਵੇਂ ਸ਼ਕਤੀ ਅੰਦਾਜ਼ ਵਿਚ ਸਿੱਖ ਸਮਾਜ ਦੀਆਂ ਸਮੱਸਿਆਵਾਂ ਨੂੰ ਵਿਚਾਰਨ ਤੇ ਸਮੁੱਚੀ ਸਿੱਖ ਸਮਾਜਿਕਤਾ ਦੇ ਵੱਖ-ਵੱਖ ਪਹਿਲੂਆਂ ਅਥਵਾ ਮਸਲਿਆਂ ਬਾਰੇ ਫ਼ੈਸਲੇ ਲੈਣ ਦਾ ਇਕ ਕੇਂਦਰ ਬਣ ਗਿਆ ਜਿਥੇ ਗੁਸਾਂਈ ਦਾ ਪਹਿਲਵਾਨੜਾ ਉੱਚੇ ਦਮਾਲੇ ਸਜਾ ਕੇ ਅਕਾਲ ਦੇ ਸਾਜੇ ਇਸ ਸਿੱਖ ਪੰਥ ਨੂੰ ਨਵੀਂ ਰੋਸ਼ਨੀ ਅਤੇ ਸੇਧ ਵਿਖਾ ਰਹੀ ਸੀ। ਸਪੱਸ਼ਟ ਹੈ ਕਿ ਅਕਾਲ ਤਖ਼ਤ ਸਾਹਿਬ ਹਰਿਮੰਦਰ ਸਾਹਿਬ ਦਾ ਹੀ ਇਕ ਰੂਪ ਹੈ, ਜੋ ਹਰਿਮੰਦਰ ਸਾਹਿਬ ਦੀ ਰਾਖੀ ਲਈ ਇਸ ਦੀਆਂ ਲੋੜਾਂ ਚੋਂ ਪੈਦਾ ਹੋਇਆ। ਅਕਾਲ ਤਖ਼ਤ ਸਾਹਿਬ ਸਿੱਖ ਨੈਤਿਕਤਾ ਦੀ ਰਾਖੀ ਦਾ ਜ਼ਾਮਨ ਅਤੇ ਸਿੱਖ ਰਾਜ ਸੱਤਾ ਵਲ ਜਾਂਦੇ ਰਾਹ ਦਾ ਸੂਚਕ ਹੈ। ਰੂਹਾਨੀ ਸਮਾਜਿਕਤਾ ਹਰਿਮੰਦਰ ਤੋਂ ਦੂਰ ਨਹੀਂ। ਹਰਿਮੰਦਰ ਸਾਹਿਬ ਮੀਰੀ ਤੇ ਪੀਰੀ ਦੀ ਸ਼ਕਤੀ ਦਾ ਸਿਧਾਂਤਕ ਸਰੋਤ ਹੈ ਅਤੇ ਅਕਾਲ ਤਖ਼ਤ ਸਾਹਿਬ ਮੀਰੀ-ਪੀਰੀ ਦੀ ਰਾਖੀ ਲਈ ਇਸ ਦਾ ਹੀ ਅਮਲੀ ਪ੍ਰਗਟਾਵਾ ਹੈ।

## ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ ਦਿਨ ਨੂੰ ਸਮਰਪਿਤ ਬਟਾਲਾ ਵਿਖੇ ਦੀਵਾਨ ਦੇ ਵਿਸ਼ਵ ਪੱਧਰੀ ਸਕੂਲ ਦਾ ਡਾ.ਨਿੱਜਰ ਨੇ ਰੱਖਿਆ ਨੀਂਹ ਪੱਥਰ





ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਸਫ਼ਲਤਾ ਪੂਰਵਕ ਚੱਲ ਰਹੇ 50 ਸਕੂਲਾਂ ਦੀ ਲੜੀ ਵਿਚ ਵਾਧਾ ਕਰਦਿਆਂ ਅੱਜ ਬਟਾਲਾ ਵਿਖੇ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਹਾੜੇ ਨੂੰ ਸਮਰਪਿਤ ਇਕ ਨਵੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਨੀਂਹ ਪੱਥਰ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋ ਰੱਖਿਆ ਗਿਆ। ਉਪਰੰਤ ਆਨਰੇਰੀ ਸਕੱਤਰ ਸ੍ਰ.ਸਵਿਦਰ ਸਿੰਘ ਕੱਥੂਨੰਗਲ ਸਮੇਤ ਦੀਵਾਨ ਪ੍ਰਬੰਧਕਾਂ ਅਤੇ ਮੈਂਬਰ ਸਾਹਿਬਾਨ ਵੱਲੋ ਸਕੂਲ ਨਿਰਮਾਣ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ। ਆਰੰਭ ਵਿਚ ਦੀਵਾਨ ਪ੍ਰਬੰਧਕਾਂ ਵੱਲੋ ਅਕਾਲਪੁਰਖ ਅੱਗੇ ਨਵੇਂ ਸਕੂਲ ਦੀ ਬਿਲਡਿੰਗ ਉਸਾਰੀ ਦੀ ਸਫਲ ਸੰਪੂਰਨਤਾ ਲਈ ਅਰਦਾਸ ਕੀਤੀ ਗਈ। ਇਸ ਮੋਕੇ ਪ੍ਰਧਾਨ ਡਾ.ਨਿੱਜਰ ਨੇ ਕਿਹਾ ਕਿ ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋ ਆਯੋਜਿਤ 67ਵੀਂ ਸਿੱਖ ਵਿਦਿਅਕ ਕਾਨਫਰੰਸ ਵਿਚ ਪਾਸ ਹੋਏ ਮਤੇ ਅਨੁਸਾਰ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਹਾੜੇ ਨੂੰ ਸਮਰਪਿਤ ਨਵਾਂ ਸਕੂਲ ਖੋਲਣ ਦਾ ਫੈਸਲਾ ਲਿਆ ਗਿਆ ਸੀ ਜਿਸ ਅਨੁਸਾਰ ਅੱਜ ਬਟਾਲਾ ਦੇ ਅਰਬਨ ਅਸਟੇਟ ਵਿਖੇ ਦੋ ਏਕੜ ਜ਼ਮੀਨ ਤੇ ਇਕ ਵਰਲਡ ਕਲਾਸ ਸਕੂਲ ਦਾ ਨਿਰਮਾਣ ਸ਼ੁਰੂ ਹੋ ਰਿਹਾ ਹੈ ਜਿਸਦੀ ਅਨੁਮਾਨਤ ਲਾਗਤ 20 ਕਰੋੜ ਰੁਪਏ ਹੋਵੇਗੀ। ਪੂਰੀ ਤਰ੍ਹਾਂ ਤਕਨੀਕੀ ਸੁਵਿਧਾਵਾਂ ਨਾਲ ਲੈਸ ਇਸ ਸਕੂਲ ਵਿਚ ਵਰਲਡ ਕਲਾਸ ਕੁਆਇਟੀ ਐਜੂਕੇਸ਼ਨ ਅਤੇ ਵਿਦਿਆਰਥੀਆਂ ਲਈ ਸਮਾਰਟ ਡਿਜੀਟਲ ਕਲਾਸਾਂ, ਕੰਪਿਊਟਰ ਸਾਇੰਸ, ਇੰਗਲਿਸ਼ ਸਪੀਕਿੰਗ ਲੈਬਜ਼, ਕਾਨਫੰਰਸ ਹਾਲ, ਰੀਕ੍ਰੀਏਸ਼ਨਲ ਰੂਮਜ਼, ਸਪੋਰਟਸ ਹਾਲਜ਼ ਅਤੇ ਖੁੱਲੇ ਖੇਡ ਮੈਦਾਨ ਬਣਾਏ ਜਾਣਗੇ। ਇਸਦੇ ਨਾਲ ਹੀ ਸਕੂਲ ਵਿਚ ਆਧੁਨਿਕ ਅਤੇ ਤਕਨੀਕੀ ਆਡੀਓ-ਵੀਡੀਓ ਉਪਕਰਨਾਂ ਨਾਲ ਸੁੱਸਜਿਤ ਆਡੀਟੋਰਿਯਮ ਵੀ ਬਣਾਇਆ ਜਾਵੇਗਾ। ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਜਾਣਕਾਰੀ ਸਾਂਝੀ ਕੀਤੀ ਕਿ ਸੁਵਿਧਾਵਾਂ ਪੱਖੋਂ ਇਹ ਸਕੂਲ ਇੰਟਰਨੈਸ਼ਨਲ ਪੱਧਰ ਦਾ ਬਣਾਇਆ ਜਾਵੇਗਾ ਜਿਥੇ ਵਿਦਿਆਰਥੀਆਂ ਨੂੰ ਸਟ੍ਰੈਸ ਫ੍ਰੀ ਲਰਨਿੰਗ ਮਾਹੌਲ ਵਿਚ ਆਧੁਨਿਕ ਟੀਚਿੰਗ ਮੈਥੋਡੋਲਿਜੀ ਨਾਲ ਉੱਚ ਪੱਧਰੀ ਸਿੱਖਿਆ ਦੇਣ ਦੇ ਨਾਲ-ਨਾਲ ਆਪਣੇ ਧਰਮ ਅਤੇ ਵਿਰਸੇ ਨਾਲ ਜੋੜਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਦੀਵਾਨ ਪ੍ਰਬੰਧਕਾਂ ਨੇ ਆਰਕੀਟੈਕਟ ਡਾ.ਐਮੀ ਅਰੋੜਾ ਅਤੇ ਠੇਕੇਦਾਰ ਸੰਧੂ ਬਿਲਡਰਜ਼ ਦੀ ਟੀਮ ਨੂੰ ਸਕੂਲ ਲੈਬਜ਼ ਅਤੇ ਖੇਡ ਮੈਦਾਨਾਂ ਨੂੰ ਰਾਸ਼ਟਰੀ/ਅੰਤਰ ਰਾਸ਼ਟਰੀ ਮਾਪਦੰਡਾਂ ਮੁਤਾਬਿਕ ਨਿਰਮਾਣ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀ.ਆਨਰੇਰੀ ਸਕੱਤਰ ਸ੍ਰ.ਜਸਪਾਲ ਸਿਘ ਢਿਲੋ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਦੀਪਕਰਨ ਸਿੰਘ ਰੰਧਾਵਾ, ਐਮ.ਐਲ.ਏ ਬਟਾਲਾ ਸ੍ਰ.ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਸੁਪਤਨੀ ਸ੍ਰੀਮਤੀ ਰਾਜਬੀਰ ਕੋਰ ਕਲਸੀ, ਚੇਅਰਮੈਨ ਇੰਮਪ੍ਰੂਵਮੈਟ ਟਰੱਸਟ ਬਟਾਲਾ ਸ੍ਰੀ ਨਰੇਸ਼ ਗੋਇੰਲ, ਸੀਨੀਅਰ ਆਪ ਨੇਤਾ ਸ੍ਰੀ ਯਸਪਾਲ ਚੌਹਾਨ, ਕੌਂਸਲਰ ਬਲਵਿੰਦਰ ਸਿੰਘ ਮਿੰਟਾ ਅਤੇ ਸ੍ਰੀ ਰਕੇਸ਼ ਤੁਲੀ, ਧਰਮ ਪ੍ਰਚਾਰ ਕਮੇਟੀ ਦੇ ਮੁੱਖੀ ਪ੍ਰੋ.ਹਰੀ ਸਿੰਘ, ਡਾ.ਸੂਬਾ ਸਿੰਘ ਸ੍ਰ.ਰਬਿੰਦਰਬੀਰ ਸਿੰਘ ਭੱਲਾ, ਸ੍ਰ.ਹਰਿੰਦਰ ਸਿੰਘ ਸੇਠੀ, ਸ੍ਰ.ਮਨਮੋਹਨ ਸਿੰਘ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ, ਸ੍ਰ.ਅਜੀਤ ਸਿੰਘ ਤੁਲੀ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਅਵਤਾਰ ਸਿੰਘ ਘੁੱਲਾ, ਸ੍ਰ.ਅਵਤਾਰ ਸਿੰਘ ਬੁੱਟਰ, ਸ੍ਰ.ਹਰਸ਼ਦੀਪ ਸਿੰਘ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਰਮਨੀਕ ਸਿੰਘ, ਸ੍ਰ.ਅਜੀਤ ਸਿੰਘ ਅਨੇਜਾ, ਸ੍ਰ.ਅਮਰਦੀਪ ਸਿੰਘ ਮਰਵਾਹਾ, ਸ੍ਰ.ਸਵਰਾਜ ਸਿੰਘ ਸ਼ਾਮ, ਸ੍ਰ.ਇਕਬਾਲ ਸਿੰਘ, ਸ੍ਰ.ਹਰਮਨਜੀਤ ਸਿੰਘ, ਸ੍ਰ.ਗੁਰਬਖਸ਼ ਸਿਘ ਬੇਦੀ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਜਗਦੀਪ ਸਿੰਘ ਨਰੂਲਾ, ਸ੍ਰ.ਉਪਕਾਰ ਸਿੰਘ ਛਾਬੜਾ, ਸ੍ਰੀ ਅਜੇ ਕੁਮਾਰ, ਸ੍ਰ.ਗੁਰਪ੍ਰੀਤ ਸਿੰਘ ਰਾਜੂ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ. ਚਾਵਲਾ, ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਅਤੇ ਸੀ.ਕੇ.ਡੀ ਸਕੂਲਾਂ ਦੇ ਬਹੁਤ ਸਾਰੇ ਪ੍ਰਿੰਸੀਪਲਜ਼ ਸਾਹਿਬਾਨ ਹਾਜ਼ਰ ਸਨ।

## ਚੀਫ ਖ਼ਾਲਸਾ ਦੀਵਾਨ ਵਲੋਂ ਬੇਅਦਬੀ ਦੀਆਂ ਘਟਨਾਵਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਗੁਰੂ ਸਾਹਿਬ ਦੇ ਸਰੂਪਾਂ ਨਾਲ ਅਪਰਾਧਕ ਛੇੜ-ਛਾੜ ਕਰਨਾਂ ਸਿੱਖ ਕੌਮ ਲਈ ਸਹਿਣਯੋਗ ਨਹੀਂ- ਡਾ.ਨਿੱਜਰ



ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵਲੋਂ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਕੋਤਵਾਲੀ ਸਾਹਿਬ, ਮੋਰਿੰਡਾ ਫਰੀਦਕੋਟ, ਫਾਜਿਲਕਾ, ਅਸਾਮ, ਗੂਹਲਾ ਆਦਿ ਵਿਖੇ ਗੁਰੂ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਪਾਠੀ ਸਿੰਘਾਂ ਦੀ ਕੁੱਟਮਾਰ ਆਦਿ ਦੀਆ ਹੋ ਰਹੀਆਂ ਘਿਨਾਉਣੀਆਂ ਘਟਨਾਵਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਇਨ੍ਹਾਂ ਘਟਨਾਵਾਂ ਨੂੰ ਅਤਿ ਸ਼ਰਮਨਾਕ ਅਤੇ ਮੰਦਭਾਗਾ ਦਸਦਿਆਂ ਕਿਹਾ ਕਿ ਇਕ ਸਿਰਫਿਰੇ ਵਲੋ ਛੋਟੇ ਸਾਹਿਬਜਾਦਿਆਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰੇ ਕੋਤਵਾਲੀ ਸਾਹਿਬ ਵਿਖੇ ਬੇਖੌਫ ਹੋਕੇ ਜੁੱਤੀਆ ਪਾ ਕੇ ਅੰਦਰ ਦਾਖਲ ਹੋਣਾ, ਗੁਰੂ ਸਾਹਿਬ ਦੇ ਸਰੂਪਾਂ ਨਾਲ ਅਪਰਾਧਿਕ ਛੇੜਛਾੜ ਕਰਨਾ, ਗ੍ਰੰਥੀ ਸਿੰਘਾਂ ਦੀ ਕੁਟਮਾਰ ਕਰਕੇ ਦਸਤਾਰਾਂ ਦੀ ਬੇਅਦਬੀ ਕਰਨਾ ਕਿਸੇ ਵੀ ਹਾਲਤ ਵਿਚ ਨਾ ਤਾਂ ਸਹਿਣਯੋਗ ਹੈ ਅਤੇ ਨਾ ਹੀ ਮੁਆਫੀਯੋਗ, ਇਸੇ ਤਰ੍ਹਾਂ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਵੀ ਅਜਿਹੀਆਂ ਘਟਨਾਵਾਂ ਤੇ ਡੂੰਘਾ ਦੁੱਖ ਅਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਉਕਤ ਹਿਰਦੇਵੇਦਕ ਘਟਨਾਵਾਂ ਕਾਰਨ ਸਿੱਖ ਭਾਈਚਾਰੇ ਵਿਚ ਭਾਰੀ ਰੋਸ ਦੀ ਲਹਿਰ ਹੈ। ਆਏ ਦਿਨ ਗੁਰਦੁਆਰਿਆਂ ਵਿਚ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਅੰਜਾਮ ਦੇਣ ਪਿੱਛੇ ਯਕੀਨੀ ਤੌਰ ਤੇ ਇਕ ਯੋਜਨਾਤਮਕ ਸਾਜਿਸ਼ ਹੈ ਜਿਸ ਨੂੰ ਬੇਨਕਾਬ ਕਰਨਾ ਅਤਿਅੰਤ ਜਰੂਰੀ ਹੈ।



ਖ਼ਬਰਨਾਮਾ

## ਡਾ.ਨਿੱਜਰ ਨੇ ਮੱਝਵਿੰਡ ਸਕੂਲ ਦੀ 25ਵੀਂ ਵਰੇਗੰਢ ਮੌਕੇ ਸਕੂਲ ਬਿਲਡਿੰਗ ਦਾ ਕੀਤਾ ਉਦਘਾਟਨ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ ਮਝਵਿੰਡ-ਗੋਪਾਲਪੁਰਾ ਵਿਖੇ ਨਵੀਂ ਬਣੀ ਪ੍ਰੀ-ਪ੍ਰਾਇਮਰੀ ਵਿੰਗ ਦੀ ਬਿਲਡਿੰਗ ਦਾ ਉਦਘਾਟਨ ਸਮਾਰੋਹ ਅਤੇ ਸਕੂਲ ਦੀ 25ਵੀਂ ਵਰ੍ਹੇਗੰਢ ਬੜ੍ਹੇ ਹੀ ਉਤਸ਼ਾਹ ਨਾਲ ਮਨਾਈ ਗਈ। ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਡਾ.ਇੰਦਰਬੀਰ ਸਿੰਘ ਨਿੱਜਰ (ਕੈਬਨਿਟ ਮੰਤਰੀ, ਪੰਜਾਬ) ਅਤੇ ਸ੍ਰ.ਸਵਿੰਦਰ ਸਿੰਘ ਕੱਥੂਨੰਗਲ (ਆਨਰੇਰੀ ਸਕੱਤਰ) ਨੇ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰ, ਵੱਖ-ਵੱਖ ਸਕੂਲਾਂ ਦੇ ਮੈਂਬਰ ਇੰਚਾਰਜਾਂ ਨਾਲ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ ਕਰਨ ਵਾਸਤੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਪ੍ਰਿੰਸੀਪਲ ਸ੍ਰੀਮਤੀ ਪਰਮਜੀਤ ਕੌਰ ਨੇ ਆਏ ਹੋਏ ਮਹਿਮਾਨਾ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਸਕੂਲ ਦੀਆਂ ਉਪਲਬੱਧੀਆਂ ਤੇ ਚਾਨਣਾ ਪਾਇਆ। ਸਕੂਲ ਦੇ ਫਾਊਂਡਰ ਮੈਂਬਰ ਇੰਚਾਰਜ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਨਾਲ ਇਹ ਵੀ ਦੱਸਿਆ ਕਿ ਨਵੀਂ ਉਸਾਰੀ ਗਈ ਤਿੰਨ ਮੰਜਲੀ ਬਿਲਡਿੰਗ ਵਿਚ ਅਤਿ ਆਧੁਨਿਕ 14 ਕਮਰੇ ਅਤੇ ਇਕ ਵੱਡਾ ਹਾਲ ਹੈ। ਮੈਂਬਰ ਇੰਚਾਰਜਾਂ ਦੀ ਇਹ ਖਾਹਿਸ਼ ਹੈ ਕਿ ਪੇਂਡੂ ਖੇਤਰ ਵਿਚ ਪੜ੍ਹ ਰਹੇ ਬੱਚਿਆਂ ਨੂੰ ਉਚ ਪੱਧਰੀ ਤਕਨੀਕੀ ਵਿਦਿਆ ਮੁਹੱਈਆ ਕਰਵਾ ਕੇ ਸਮੇਂ ਦੇ ਹਾਣੀ ਬਣਾਇਆ ਜਾਵੇ। ਪ੍ਰਧਾਨ ਸਾਹਿਬ ਡਾ.ਨਿੱਜਰ ਨੇ ਸਾਰੇ ਮਹਿਮਾਨਾਂ ਨੂੰ ਸਕੂਲ ਦੀ 25ਵੀਂ ਵਰ੍ਹੇਗੰਢ ਦੀ ਅਤੇ ਨਵੀਂ ਉਸਾਰੀ ਗਈ ਬਿਲਡਿੰਗ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਉਣ ਵਾਲੀ ਪੀੜ੍ਹੀ ਨੂੰ ਸਿੱਖੀ ਅਤੇ ਤਕਨੀਕੀ ਸਿੱਖਿਆ ਨਾਲ ਵੱਧ ਤੋ ਵੱਧ ਜੁੜਨ ਦੀ ਲੋੜ ਹੈ। ਇਸ ਮੌਕੇ ਕੈਬਨਿਟ ਮੰਤਰੀ ਅਤੇ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਅਤੇ ਸਕੂਲ ਮੈਂਬਰ ਇੰਚਾਰਜ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਐਡੀਸ਼ਨਲ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਦੀਪਕਰਨ ਸਿੰਘ, ਸ੍ਰ.ਭਗਵੰਤਪਾਲ ਸਿੰਘ ਸੱਚਰ (ਮੈਂਬਰ ਇੰਚਾਰਜ) ਸ੍ਰ.ਅਜੀਤ ਸਿੰਘ ਤੁਲੀ (ਮੈਂਬਰ ਇੰਚਾਰਜ), ਸ੍ਰ.ਜਗਜੀਤ ਸਿੰਘ ਛਾਬੜਾ, ਸ੍ਰ.ਰਮਨੀਕ ਸਿੰਘ ਫਰੀਡਮ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਜਗੀਰ ਸਿੰਘ (ਲੋਕਲ ਕਮੇਟੀ ਮੈਂਬਰ), ਸ੍ਰ.ਜਗਜੀਤ ਸਿੰਘ ਕੋਟਲਾ, ਮੈਡਮ ਪ੍ਰੀਤਮ ਕੌਰ ਖਾਲਸਾ (ਫਾਊਂਡਰ ਪ੍ਰਿੰਸੀਪਲ) ਸਰਪੰਚ ਅਵਤਾਰ ਸਿੰਘ, ਸ੍ਰ.ਸੁਖਦੀਪ ਸਿੰਘ ਸਿੱਧੂ, ਚੀਫ਼ ਖ਼ਾਲਸਾ ਦੀਵਾਨ ਦੇ ਹੋਰ ਅਹੁਦੇਦਾਰ, ਵੱਖ-ਵੱਖ ਸਕੂਲਾਂ ਦੇ ਮੈਂਬਰ ਇੰਚਾਰਜ, ਦੇ ਮੋਹਤਬਰ ਮੈਂਬਰ, ਸਟਾਫ ਅਤੇ ਬੱਚਿਆਂ ਦੇ ਮਾਤਾ-ਪਿਤਾ ਹਾਜ਼ਰ ਸਨ।

## ਦੀਵਾਨ ਦੇ ਚੈਰੀਟੇਬਲ ਹਸਪਤਾਲ ਵਿਖੇ ਲਗਿਆ ਅੱਖਾਂ ਦਾ ਮੁਫ਼ਤ ਚੈਕਅੱਪ ਕੈਂਪ ਦੀਵਾਨ ਵੱਲੋਂ ਭਵਿੱਖ ਵਿਚ ਅਜਿਹੇ ਕੈਂਪ ਵੱਡੇ ਪੱਧਰ ਤੇ ਲਗਾਏ ਜਾਣਗੇ -ਸ੍ਰ. ਕੱਥੂਨੰਗਲ




ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਹਸਪਤਾਲ ਵਿਖੇ ਏ.ਐਸ.ਜੀ ਹਸਪਤਾਲ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਚੈਕਅੱਪ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਵੱਲੋਂ ਕੀਤਾ ਗਿਆ। ਦੀਵਾਨ ਦੇ ਐਡੀ.ਸਕੱਤਰ ਅਤੇ ਹਸਪਤਾਲ ਮੈਂਬਰ ਇੰਚਾਰਜ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਮੈਂਬਰ ਇੰਚਾਰਜ ਡਾ.ਆਤਮਜੀਤ ਸਿੰਘ ਬਸਰਾ ਨੇ ਪੁਜੀਆਂ ਉੱਘੀਆਂ ਸਖਸ਼ੀਅਤਾਂ ਦਾ ਨਿੱਘਾ ਸੁਆਗਤ ਕੀਤਾ। ਇਸ ਕੈਂਪ ਦੌਰਾਨ ਏ.ਐਸ. ਜੀ ਦੀ ਮਾਹਰ ਡਾਕਟਰੀ ਟੀਮ ਵੱਲੋਂ ਕਰੀਬ 150 ਮਰੀਜਾਂ ਦਾ ਫਰੀ ਨਜ਼ਰ ਟੈਸਟ ਅਤੇ ਸ਼ੁਗਰ ਦਾ ਟੈਸਟ ਅਤੇ ਸ਼ੁਗਰ ਤੋ ਹੋਣ ਵਾਲੀਆ ਅੱਖਾਂ ਦੀਆਂ ਬਿਮਾਰੀਆਂ ਦੀ ਜਾਂਚ ਕੀਤੀ ਗਈ। ਦੀਵਾਨ ਦੇ ਅਹੁਦੇਦਾਰਾਂ ਨੇ ਸਾਂਝੇ ਤੌਰ ਤੇ ਕਿਹਾ ਕਿ ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਲੋਕ ਭਲਾਈ ਕਾਰਜਾਂ ਤਹਿਤ ਸਟਾਫ ਅਤੇ ਆਮ ਜਨਤਾ ਦੀ ਸਹੂਲਤ ਲਈ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕ ਸਮੇਂ ਰਹਿੰਦੇ ਰੋਗ ਦੀ ਪਛਾਣ ਕਰਦਿਆਂ ਸਹੀ ਸਮੇਂ ਤੇ ਇਲਾਜ ਕਰਵਾ ਸਕਣ। ਉਹਨਾਂ ਦਸਿਆ ਕਿ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਹਸਪਤਾਲ ਵਿਚ ਡੈਂਟਲ, ਹੋਮੀਓਪੈਥਿਕ,ਫੀਜੀਓਥੈਰੈਪੀ, ਐਲੋਪੈਥਿਕ, ਆਯੂਰਵੈਦਿਕ ਵਿੰਗਜ਼ ਦੇ ਨਾਲ ਡਿਜ਼ੀਟਲ ਐਕਸ-ਰੇ ਅਤੇ ਲੈਬਜ਼ ਵੀ ਹਨ ਜਿਥੇ ਸਾਰੀਆਂ ਮੈਡੀਕਲ ਸੁਵਿਧਾਵਾਂ ਮਰੀਜ਼ਾਂ ਨੂੰ ਵਾਜ਼ਬ ਰੇਟਾਂ ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ।

## ਦੀਵਾਨ ਦੇ ਸਕੂਲਾਂ ਦੀਆਂ ਧਾਰਮਿਕ ਤੇ ਵਿਦਿਅਕ ਗਤੀਵਿਧੀਆਂ

**ਝਬਾਲ ਸਕੂਲ ਨੇ ਮਾਰੀਆਂ ਮੱਲਾ :-** ਝਬਾਲ ਸਕੂਲ ਵਿਖੇ ਸੈਸ਼ਨ 2022-23 ਦੇ ਸਾਇੰਸ ਓਲਪੀਆਡ ਫਾਊਂਡੇਸ਼ਨ, ਨਵੀਂ ਦਿੱਲੀ ਵੱਲੋਂ ਕਰਵਾਈ ਗਈ ਹਿਸਾਬ ਉਲੰਪਿਆਡ ਵਿਚ 242 ਵਿਦਿਆਰਥੀਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚੋਂ 161 ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕੀਤੇ ਅਤੇ ਕੰਪਿਊਟਰ ਓਲੰਪੀਆਡ ਵਿਚ 117 ਵਿਦਿਆਰਥੀਆਂ ਨੇ ਭਾਗ ਲਿਆ ਜਿੰਨ੍ਹਾਂ ਵਿਚੋ 29 ਵਿਦਿਆਰਥੀਆਂ ਨੇ ਗੋਲਡ ਮੈਡਲ ਆਫ ਡਿਸਟਿੰਕਸ਼ਨ ਅਤੇ 15 ਵਿਦਿਆਰਥੀਆਂ ਨੇ ਗੋਲਡ ਮੈਡਲ ਆਫ ਐਕਸੀਲੈਂਸ ਪ੍ਰਾਪਤ ਕੀਤੇ। ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਇਸ ਸ਼ਾਨਦਾਰ ਸਫਲਤਾ ਤੇ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਮਿਹਨਤ ਕਰ ਕੇ ਬੁਲੰਦੀਆਂ ਨੂੰ ਛੂਹਣ ਲਈ ਪ੍ਰੇਰਿਤ ਕੀਤਾ।



## ਪੱਟੀ ਸਕੂਲ ਵਿਖੇ ਧਾਰਮਿਕ ਕੁਇਜ਼ ਮੁਕਾਬਲਾ

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ.ਸੈਕੰਡਰੀ ਪਬਲਿਕ ਸਕੂਲ ਪੱਟੀ ਵਿਖੇ ਧਾਰਮਿਕ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਕੁਇਜ਼ ਮੁਕਾਬਲੇ ਵਿਚ ਸਵਾਲ ਪੁੱਛਣ ਦੀ ਭੂਮਿਕਾ ਸਕੂਲ ਦੇ ਧਾਰਮਿਕ ਅਧਿਆਪਕ ਸ੍ਰ.ਜਗਜੀਤ ਸਿੰਘ ਨੇ ਬਾਖੂਬੀ ਨਿਭਾਈ। ਉਹਨਾਂ ਨੇ ਬੜੇ ਹੀ ਦਿਲਚਸਪ ਤਰੀਕੇ ਨਾਲ ਬੱਚਿਆਂ ਤੋਂ ਧਾਰਮਿਕ ਖੇਤਰ ਦੇ ਪ੍ਰਸ਼ਨ ਪੁੱਛੇ, ਬੱਚਿਆਂ ਨੇ ਵੀ ਬੜੇ ਜੋਸ਼ ਅਤੇ ਉਤਸੁਕਤਾ ਨਾਲ ਜਵਾਬ ਦਿੱਤੇ। ਇਸ ਮੌਕੇ ਸਕੂਲ ਦੇ ਮੈਨੇਜਰ ਸ੍ਰ.ਪਰਮਜੀਤ ਸਿੰਘ ਅਹੂਜਾ, ਸ੍ਰ.ਗੁਰਬੀਰ ਸਿੰਘ ਢਿੱਲੋਂ, ਸ੍ਰ.ਸਰਬਜੀਤ ਸਿੰਘ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਅੱਗੇ ਤੋ ਹੋਰ ਮਿਹਨਤ ਕਰਕੇ ਅਜਿਹੇ ਮੁਕਾਬਲਿਆਂ ਵਿਚ ਭਾਗ ਲੈ ਕੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕਰਨ।




## ਜੀ.ਟੀ. ਰੋਡ ਸਕੂਲ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ.ਟੀ.ਰੋਡ ਦੇ ਸੀਨੀਅਰ ਵਿੰਗ ਵਲੋਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਪ੍ਰੋਗਰਾਮ ਦਾ ਆਰੰਭ ਸ਼ਬਦ ਖ਼ਾਲਸਾ ਅਕਾਲ ਪੁਰਖ ਕੀ ਫੋਜ਼ ਨਾਲ ਕੀਤਾ ਗਿਆ। ਉਪਰੰਤ ਵਿਦਿਆਰਥਣ ਮੰਦੀਪ ਕੌਰ ਵੱਲੋਂ ਖ਼ਾਲਸਾ ਸਾਜਨਾ ਦਿਵਸ ਤੇ ਵੀਰ ਰਸ ਭਰੀ ਕਵਿਤਾ, ਸਿੱਖੀ ਦੀ ਸ਼ਾਨ ਗਤਕਾ ਅਤੇ ਪੰਜਾਬ ਦਾ ਲੋਕ ਨਾਚ ਭੰਗੜਾ ਨੇ ਪ੍ਰੋਗਰਾਮ ਵਿਚ ਰੰਗ ਬੰਨ ਦਿੱਤਾ। ਉਪਰੰਤ ਸਕੂਲ ਵੱਲੋਂ ਕਰਵਾਏ ਗਏ ਦਸਤਾਰ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ ਅਤੇ ਧਰਮ ਪ੍ਰਚਾਰ ਕਮੇਟੀ ਵਲੋ ਅੱਜ ਦੇ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਦਸਤਾਰਾਂ ਭੇਂਟ ਕੀਤੀਆਂ ਗਈਆਂ। ਇਸ ਮੋਕੇ ਮੁੱਖ ਮਹਿਮਾਨ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਖਾਲਸੇ ਦੇ ਸਿਰਜਨਾ ਦੀ ਸਿੱਖ ਇਤਿਹਾਸ ਵਿਚ ਮਹਾਨਤਾ ਤੇ ਚਾਨਣਾ ਪਾਇਆ ਅਤੇ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਤੇ ਚਲਦਿਆਂ ਗੁਰਮਤਿ ਦੇ ਧਾਰਨੀ ਬਨਣ ਦੀ ਪ੍ਰੇਰਨਾ ਦਿੱਤੀ।

## ਬੁਰਜ ਮਰਹਾਣਾ



ਬੁਰਜ ਮਰਹਾਣਾ :- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬੁਰਜ ਮਰਹਾਣਾ ਵਿਖੇ 6 ਅਪ੍ਰੈਲ ਤੋ 13 ਅਪ੍ਰੈਲ ਤੱਕ ਖਾਲਸਾ ਸਾਜਨਾ ਹਫ਼ਤਾ ਤੇ ਵਿਸਾਖੀ ਦਾ ਦਿਹਾੜਾ ਸ਼ਰਧਾ ਭਾਵਨਾ ਤੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਇਸ ਦੌਰਾਨ ਸਕੂਲ 'ਚ ਵੱਖ-ਵੱਖ ਗਤੀਵਿਧੀਆ ਕਰਵਾਈਆਂ ਗਈਆਂ। ਵਿਦਿਆਰਥੀਆਂ ਨੂੰ ਖ਼ਾਲਸਾ ਸਾਜਨਾ ਹਫ਼ਤਾ ਮਨਾਉਂਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੀ ਦਾਤ ਪੰਜ ਕੱਕਾਰਾਂ ਦੀ ਮਹਾਨਤਾ, ਖੰਡੇ ਬਾਟੇ ਦੀ ਪਾਹੁਲ ਛਕਣ ਅਤੇ ਸਾਬਤ ਸੂਰਤ ਜੀਵਨ ਜਿਉਣ ਲਈ ਉਤਸ਼ਾਹਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰ.ਹਰਤਾਜ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਖਾਲਸਾ ਪੰਥ ਦੀ ਸਾਜਨਾ ਤੇ ਵਿਸਾਖੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਕੁਲਜੀਤ ਸਿੰਘ ਤਲਵਾਰ, ਸ੍ਰ.ਕੰਵਰਦੀਪ ਸਿੰਘ, ਸ੍ਰ.ਰਵਿੰਦਰ ਸਿੰਘ, ਅਤੇ ਸ੍ਰ.ਬਲਦੇਵ ਸਿੰਘ ਨੇ ਸਮੁੱਚੇ ਸਟਾਫ ਤੇ ਵਿਦਿਆਰਥੀਆਂ ਨੂੰ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਤਿਓਹਾਰ ਦੀ ਵਧਾਈ ਦਿੱਤੀ।

## ਸੁਭਮ ਏਨਕਲੇਵ ਦਬੁਰਜੀ ਆਫ ਐਕਸੀਲੈਂਸ ਸਕੂਲ



-ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੌਡੀ ਸਕੂਲ ਆਫ ਐਕਸੀਲੈਂਸ , ਦਬੁਰਜੀ ਦੇ ਮੈਂਬਰ ਇੰਚਾਰਜਾਂ ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਹਰਜੀਤ ਸਿੰਘ ਸੱਚਦੇਵਾ, ਪ੍ਰਿੰਸੀਪਲ ਸ੍ਰੀਮਤੀ ਹਰਕਮਲਪ੍ਰੀਤ ਕੌਰ ਜੀ ਦੀ ਯੋਗ ਅਗਵਾਈ ਹੇਠ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਪ੍ਰੋਗਰਾਮ ਸ਼ਬਦ ਗਾਇਨ ਨਾਲ ਆਰੰਭ ਕੀਤਾ ਗਿਆ, ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਏ ਗਏ ਖ਼ਾਲਸੇ ਦੇ ਇਤਿਹਾਸ ਨੂੰ ਪੇਸ਼ ਕਰਦੀ ਕਵੀਸ਼ਰੀ। ਮੁੱਖ ਮਹਿਮਾਨ ਵੱਲੋਂ ਪਿਛਲੇ ਦਿਨੀ ਅੰਤਰਰਾਸ਼ਟਰੀ ਦਸਤਾਰ ਦਿਵਸ ਨੂੰ ਮੁੱਖ ਰੱਖਦਿਆਂ ਸਕੂਲ ਵਿਚ ਕਰਵਾਏ ਗਏ ਦਸਤਾਰ ਮੁਕਾਬਲੇ ਵਿਚੋ ਅਵੱਲ ਆਉਣ ਵਾਲੇ ਵਿਦਿਆਰਥੀਆਂ ਨੂੰ ਦਸਤਾਰਾਂ, ਸਿਮਰਨਾ, ਟਰਾਫੀਆਂ ਵੰਡੀਆਂ ਗਈਆਂ ਅਤੇ ਭਾਗ ਲੈਣ ਵਾਲੇ ਬਾਕੀ ਵਿਦਿਆਰਥੀਆਂ ਨੂੰ ਹੌਂਸਲਾ ਅਫ਼ਜਾਈ ਲਈ ਸਰਟੀਫਿਕੇਟ ਤੇ ਸਿਮਰਨਾ ਦਿੱਤਾ ਗਿਆ।





## ਭਗਤਾਂ ਵਾਲਾ ਸਕੂਲ

ਇਸ ਮੇਲੇ ਵਿਚ ਪੰਜਾਬੀ ਸਭਿਆਚਾਰ ਅਤੇ ਪੁਰਾਤਨ ਪੰਜਾਬ ਦੀ ਦਿੱਖ ਨੂੰ ਬਹੁਤ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਮੇਲੇ ਦੀ ਆਰੰਭਤਾ ਵਿਦਿਆਰਥੀਆਂ ਦੁਆਰਾ ਗਾਇਣ ਕੀਤੇ ਗਏ ਸਕੂਲ ਸ਼ਬਦ ਦੇਹਿ ਸ਼ਿਵਾ ਬਰ ਮੋਹਿ ਇਹੈ ਨਾਲ ਕੀਤੀ ਗਈ। ਇਸ ਮੌਕੇ ਪੰਜਾਬ ਦੇ ਅਮੀਰ ਸਭਿਆਚਾਰ ਨੂੰ ਦਰਸਾਉਂਦੇ ਪੰਜਾਬ ਖੇਤ ਅਤੇ ਚੁਲਾ ਚੌਂਕਾ ਵੱਡੀ ਖਿੱਚ ਦਾ ਕੇਂਦਰ ਬਣੇ ਹੋਏ ਸਨ। ਇਸ ਦਿਨ ਦੀ ਮਹੱਤਤਾ ਕਰਕੇ ਸਕੂਲ ਦੇ ਬੱਚਿਆਂ ਨੇ ਗਤਕੇ ਦੀ ਪੇਸ਼ਕਾਰੀ ਕੀਤੀ ਅਤੇ ਸਿੱਖ ਵਿਰਸੇ ਨੂੰ ਦਰਸਾਉਂਦੀ ਸ਼ਾਨਦਾਰ ਪ੍ਰਦਰਸ਼ਨੀ ਲਗਾਈ। ਇਸ ਸਮਾਗਮ ਨੂੰ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਦਰਸ਼ਨ ਸਿੰਘ ਸੁਲਤਾਨਵਿੰਡ, ਸ੍ਰ.ਸਰਬਜੋਤ ਸਿੰਘ ਦੀ ਅਣਥੱਕ ਮਿਹਨਤ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਜੀ ਦੀ ਯੋਗ ਅਗਵਾਈ ਸਟਾਫ ਦੀ ਸਖਤ ਮਿਹਨਤ ਅਤੇ ਬੱਚਿਆਂ ਦੀ ਕਲਾਤਮਕ ਰੁਚੀ ਨੇ ਸਫਲਤਾ ਪ੍ਰਦਾਨ ਕੀਤੀ।

ਇਸ ਮੌਕੇ ਡਾ.ਇੰਦਰਬੀਰ ਸਿੰਘ ਨਿੱਜਰ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਉਚੇਚੇ ਤੌਰ ਤੇ ਸਕੂਲ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਅਸ਼ੀਰਵਾਦ ਦਿੱਤਾ ਅਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।




## ਤਰਨਤਾਰਨ ਸਕੂਲ

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਖ਼ਾਲਸਾ ਸਾਜਨਾ ਦਿਵਸ ਨਾਲ ਸੰਬੰਧਿਤ ਸ਼ਬਦ ਗਾਇਨ ਕੀਤਾ ਗਿਆ। ਇਸ ਤੋ ਬਾਅਦ ਇਸ ਦਿਵਸ ਨੂੰ ਸਮਰਪਿਤ ਭਾਸ਼ਣ, ਕਵਿਤਾ, ਗੀਤ ਪੇਸ਼ ਕੀਤੇ ਗਏ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਭਾਟੀਆ ਨੇ ਬੱਚਿਆਂ ਨੂੰ ਇਸ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਿੱਖ ਧਰਮ ਸ਼ਹੀਦੀਆਂ ਭਰਿਆ ਧਰਮ ਹੈ। ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਆਪਣੇ ਆਪ ਵਿਚ ਸੁਧਾਰ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੁਆਰਾ ਦਰਸਾਈਆਂ ਲੀਹਾਂ ਉਤੇ ਚੱਲ ਕੇ ਆਪਣੇ ਟੀਚੇ ਨੂੰ ਪੂਰਾ ਕਰਨਾ ਚਾਹੀਦਾ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਐਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਹਰਜੀਤ ਸਿੰਘ ਅਤੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਜੀ ਨੇ ਬੱਚਿਆਂ ਨੂੰ ਆਪਣੇ ਧਰਮ ਪ੍ਰਤੀ ਪੂਰਨ ਸਤਿਕਾਰ ਅਤੇ ਪ੍ਰੇਮ ਦੀ ਭਾਵਨਾ ਰੱਖਦੇ ਹੋਏ ਗੁਰੂ ਸਾਹਿਬ ਜੀ ਦੇ ਦਰਸਾਏ ਮਾਰਗ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ।





## ਸ੍ਰੀ ਗੁਰੂ ਹਰਿਕ੍ਰਿਸ਼ਨ ਤਰਨਤਾਰਨ ਸਕੂਲ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ





ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਅਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਬੱਚਿਆਂ ਦੀ ਵਿਦਿਅਕ ਸਫਲ਼ਤਾ, ਸਿਹਤਯਾਬੀ ਅਤੇ ਸਰਬੱਤ ਦੇ ਭੱਲੇ ਦੀ ਅਰਦਾਸ ਕੀਤੀ ਗਈ। ਉਪਰੰਤ ਸੰਗਤਾਂ ਨੇ ਰਸਭਿੰਨੇ ਕੀਰਤਨ ਦਾ ਅਨੰਦ ਮਾਣਿਆ। ਸਕੂਲ ਦੇ ਮੈਂਬਰ ਇੰਚਾਰਜ ਸਾਹਿਬਾਨ, ਲੋਕਲ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਗੁਰੂ ਗਿਆਨ ਇੰਸਟੀਚਿਊ ਆਫ਼ ਮਿਊਜ਼ਿਕ ਮਜੀਠਾ ਵੱਲੋਂ ਕਰਵਾਏ ਗਏ ਸ਼ਬਦ ਗਾਇਨ ਅਤੇ ਸੋਲੋ ਤਬਲਾ ਮੁਕਾਬਲਿਆਂ ਵਿਚ ਪਹਿਲਾ ਇਨਾਮ ਹਾਸਲ ਕਰਨ ਵਾਲੀ ਵਿਦਿਆਰਥਣ ਸਰਵਲੀਨ ਕੋਰ ਅਤੇ ਦੂਜਾ ਸਥਾਲ ਹਾਸਲ ਕਰਨ ਵਾਲੀ ਵਿਦਿਆਰਥਣ ਨਵਨਦੀਪ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਹਨਾਂ ਬੱਚਿਆਂ ਨੇ ਕ੍ਰਮਵਾਰ 50000 ਅਤੇ 11000 ਰੁਪਏ ਦਾ ਨਗਦ ਇਨਾਮ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਐਡੀਸ਼ਨਲ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜਾ ਸ੍ਰ.ਹਰਜੀਤ ਸਿੰਘ ਨੇ ਨਵੇਂ ਸਾਲ ਦੀ ਆਰੰਭਤਾ ਸਮੇਂ ਅਕਾਲ ਪੁਰਖ ਦਾ ਓਟ ਆਸਰਾ ਲੈਂਦਿਆਂ ਕਿਹਾ ਕਿ ਜਿਹੜਾ ਕਾਰਜ ਪਰਮਾਤਮਾ ਦੇ ਨਾਮ ਨਾਲ ਸ਼ੁਰੂ ਹੁੰਦਾ ਹੈ ਉਹ ਨਿਰਵਿਘਲਤਾ ਸਹਿਤ ਨੇਪਰੇ ਚੜ੍ਹਦਾ ਹੈ। ਦੀਵਾਨ ਦੀ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਨੇ ਪਰਮਾਤਮਾ ਦਾ ਨਾਮ ਲੈਣ ਸਭ ਧਰਮਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਰੱਖਣ ਅਤੇ ਸਕੂਲ ਦੀਆ ਵਿਦਿਅਕ, ਧਾਰਮਿਕ ਅਤੇ ਸਭਿਆਚਾਰ ਗਤੀਵਿਧੀਆਂ ਵਿਚ ਭਾਗ ਲੈਣ ਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਵਿਦਿਆਰਥੀਆਂ ਨੂੰ ਕਿੱਤਾਮੁੱਖੀ ਕੋਰਸਾਂ ਵਿਚ ਦਾਖਲਾ ਲੈਣ ਲਈ ਪ੍ਰੇਰਿਤ ਕੀਤਾ, ਤਾਂ ਜੋ ਵਿਦਿਆਰਥੀ ਸਮੇਂ ਦੇ ਹਾਣੀ ਬਣਕੇ ਭਵਿੱਖ ਵਿਚ ਵਧੀਆ ਰੋਜ਼ਗਾਰ ਪ੍ਰਾਪਤ ਕਰ ਸਕਣ ਤੇ ਉਹਨਾਂ ਨੂੰ ਵਿਦੇਸ਼ਾਂ ਵਿਚ ਜਾਕੇ ਕੰਮ ਲੱਭਣ ਦੀ ਲੋੜ ਨਾ ਪਵੇ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੈਂਬਰ ਸਾਹਿਬਾਨ ਸ੍ਰ.ਕੁਲਦੀਪ ਸਿੰਘ ਕੁਹਾੜਕਾ, ਸ੍ਰ.ਸਤਵਿੰਦਰ ਸਿੰਘ, ਸ੍ਰ.ਤਜਿੰਦਰਪਾਲ ਸਿੰਘ, ਸ੍ਰ.ਬਲਦੇਵ ਸਿੰਘ, ਸ੍ਰ.ਜਸਬੀਰ ਸਿੰਘ, ਸ੍ਰ.ਰਵਿੰਦਰ ਸਿੰਘ, ਵਿਦਿਆਰਥੀਆਂ ਦੇ ਮਾਪਿਆਂ, ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਾਜ਼ਰੀ ਭਰੀ ਅਤੇ ਗੁਰੂ ਘਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

## ਧਰਮ ਪ੍ਰਚਾਰ ਕਮੇਟੀ ਚੀਫ਼ ਖ਼ਾਲਸਾ ਦੀਵਾਨ ਵੱਲੋਂ ਦੋ ਰੋਜ਼ਾ ਗੁਰਮਤਿ ਸੰਗੀਤ ਵਰਕਸ਼ਾਪ ਦਾ ਆਯੋਜਨ



ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਮੂਹ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ ਅਤੇ ਅਦਾਰਿਆਂ ਲਈ ਦੋ ਰੋਜ਼ਾ ਗੁਰਮਤਿ ਸੰਗੀਤ ਵਰਕਸ਼ਾਪ ਦਾ ਆਯੋਜਨ ਮਿਤੀ 04 ਅਤੇ 05 ਮਈ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ.ਟੀ.ਰੋਡ ਦੇ ਕਲਗੀਧਰ ਆਡੀਟੋਰੀਅਮ ਵਿਖੇ ਕੀਤਾ ਗਿਆ। ਇਸ ਵਿਚ ਅਕਾਦਮਿਕ ਖੇਤਰ ਵਿਚ ਗੁਰਮਤਿ ਸੰਗੀਤ ਦੇ ਸਥਾਪਤ ਸੰਗੀਤਕਾਰ ਅਤੇ ਸਿੱਖ ਸ਼ਾਸਤਰਕਾਰ ਡਾ.ਗੁਰਨਾਮ ਸਿੰਘ (ਸਾਬਕਾ ਡੀਨ ਵਿਦਿਅਕ ਮਾਮਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਡੀਨ ਫੈਕੇਲਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਨੇ ਸੰਗੀਤ ਅਧਿਆਪਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ਼ ਰਾਗਾਂ ਦੇ ਸੰਗੀਤਕ ਵਿਧਾਨ, ਰਾਗ ਚਲਨ ਅਤੇ ਗੁਰਮਤਿ ਸੰਗੀਤ ਦੇ ਸਮਕਾਲੀ ਦ੍ਰਿਸ਼ਟੀਕੋਣ ਤੇ ਚਾਨਣਾ ਪਾਇਆ। ਉਹਨਾਂ ਨੇ ਸੰਗੀਤ ਅਧਿਆਪਕਾਂ ਨੂੰ ਸਿੱਖ ਨੌਜਵਾਨ ਪੀੜ੍ਹੀ ਦਾ ਰੁਝਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ 31 ਰਾਗ ਅਤੇ 31 ਮਿਸ਼ਰਤ ਰਾਗ ਪਰੰਪਰਾ, ਗਾਇਨ ਸ਼ੈਲੀਆਂ, 22 ਵਾਰਾਂ, 9 ਧੁਨੀਆਂ ਅਤੇ ਹੋਰ ਅਨੇਕਾਂ ਸੰਗੀਤਕ ਸੰਕੇਤਾਂ ਵੱਲ ਵਧਾਉਣ ਲਈ ਪ੍ਰੇਰਿਆ। ਉਹਨਾ ਨੇ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਦਾਰਿਆਂ ਵਿੱਚ ਪੜ੍ਹ ਰਹੇ ਸਿੱਖ ਬੱਚੇ-ਬੱਚੀਆਂ ਨੂੰ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਵੱਲੋਂ ਸ਼ੁਰੂ ਹੋਣ ਜਾ ਰਹੇ ਆਨਲਾਈਨ ਗੁਰਮਤਿ ਸੰਗੀਤ ਕੋਰਸ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਮੇਂ ਵਰਕਸ਼ਾਪ ਵਿਚ ਪੁਜੇ ਪ੍ਰਸਿੱਧ ਸਿੱਖ ਚਿੰਤਕ ਡਾ.ਜਸਬੀਰ ਸਿੰਘ ਸਾਬਰ ਦਾ ਡਾ.ਗੁਰਨਾਮ ਸਿੰਘ ਨੇ ਜੈਕਾਰੇ ਨਾਲ ਸੁਆਗਤ ਕਰਦਿਆਂ ਡਾ.ਸਾਬਰ ਨਾਲ ਆਪਣੇ ਸੰਬੰਧਾਂ ਸਾਂਝੇ ਕਰਦਿਆਂ ਦੱਸਿਆ ਕਿ ਡਾ.ਸਾਬਰ ਉਨ੍ਹਾਂ ਦੇ ਪੀਐਚ.ਡੀ ਥੀਸਜ਼ ਦੇ ਲਿਖਤੀ ਤੇ ਮੌਖਿਕ ਪ੍ਰੀਖਿਆ ਦੇ ਐਗਜ਼ਾਮੀਨਰ ਸਨ ਅਤੇ ਗੁਰਮਤਿ ਸੰਗੀਤ ਨੂੰ ਯੂਨੀਵਰਸਿਟੀਆਂ ਅਤੇ ਸਕੂਲ ਬੋਰਡ ਦੇ ਪਾਠ-ਕਰਮ ਦਾ ਹਿੱਸਾ ਬਣਾਉਣ ਸਿਲੇਬਸ ਤਿਆਰ ਕਰਲ ਅਤੇ ਵੱਖ-ਵੱਖ ਸਮੇਂ ਕੀਤੇ ਜਾਂਦੇ ਰਹੇ ਸੈਮੀਨਾਰਾਂ ਵਿਚ ਸਾਨੂੰ ਭਰਪੂਰ ਯੋਗਦਾਲ ਦਿੰਦੇ ਰਹੇ ਹਨ। ਡਾ.ਸਾਬਰ ਨੇ ਵੀ ਡਾ.ਗੁਰਨਾਮ ਸਿੰਘ ਵੱਲੋਂ ਗੁਰਮਤਿ ਸੰਗੀਤ ਨੂੰ ਵਿਸ਼ਵ ਪੱਧਰ ਤੇ ਪ੍ਰਚਾਰਨ ਵਿਚ ਤਨ, ਮਨ, ਧਨ ਨਾਲ ਕੀਤੀ ਅਣਥਕ ਮਿਹਨਤ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਮੁਬਾਰਕ ਦਿੱਤੀ।

ਵਰਕਸ਼ਾਪ ਦੇ ਚਾਰ ਸੈਸ਼ਨਾਂ ਅੰਦਰ ਡਾ.ਗੁਰਨਾਮ ਸਿੰਘ ਦੁਆਰਾ ਗੁਰਮਤਿ ਸੰਗੀਤ, ਰਾਗ ਵਿਧਾਨ, ਸੈਲੀਆ, ਵਾਰਾਂ ਦੀਆ ਧੁੰਨਾ ਅਤੇ ਪੜਤਾਲ ਗਾਇਕੀ ਨੂੰ ਕ੍ਰਿਆਤਮਕ ਰੂਪ ਵਿਚ ਪ੍ਰਸਤੁਤ ਕਰਦਿਆਂ ਅਧਿਆਪਕ ਸਾਹਿਬਾਨ ਵੱਲੋਂ ਗੁਰਮਤਿ ਸੰਗੀਤ ਵਿਧਾਨ, ਰਾਗ ਚਲਨ ਅਤੇ ਗਾਇਨ ਸ਼ੈਲੀਆਂ ਸੰਬੰਧੀ ਪ੍ਰਗਟਾਏ ਗਏ ਸ਼ੰਕਿਆਂ ਨੂੰ ਦੂਰ ਕੀਤਾ ਗਿਆ। ਡਾ.ਗੁਰਨਾਮ ਸਿੰਘ ਜੀ ਨੇ ਦੱਸਿਆ ਕਿ 1958 ਵਿੱਚ ਸਿੱਖ ਪੰਥ ਦੇ ਮਹਾਨ ਚਿੰਤਕ ਅਤੇ ਉਘੇ ਲਿਖਾਰੀਆਂ ਨੇ ਆਪਣੇ ਅਨੁਭਵੀ ਅਧਿਐਨ ਅਤੇ ਅਧਿਆਤਮਕ ਡੂੰਘਾਈਆ ਰਾਹੀਂ ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ ਪੁਸਤਕ ਸੰਗੀਤ ਪ੍ਰੇਮੀਆਂ ਦੀ ਝੋਲੀ ਪਾਈ। ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਦਾ ਸਿਹਰਾ ਚੀਫ਼ ਖ਼ਾਲਸਾ ਦੀਵਾਨ ਦੇ ਹਿੱਸੇ ਆਇਆ। ਇਹ ਪੁਸਤਕ ਗੁਰਮਤਿ ਸੰਗੀਤ ਉਪਰ ਖੋਜ਼ ਕਰਨ ਲਈ ਬੁਹੁਤ ਹੀ ਲਾਹੇਵੰਦ ਸਾਬਤ ਹੋਈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਜੀ.ਟੀ.ਰੋਡ ਸਕੂਲ ਦੇ ਮੈਂਬਰ ਇੰਚਾਰਜ ਪ੍ਰੋ.ਹਰੀ ਸਿੰਘ, ਡਾ.ਜਸਬੀਰ ਸਿੰਘ ਸਾਬਰ, ਸ੍ਰ.ਗੁਰਭੇਜ਼ ਸਿੰਘ, ਸ੍ਰ.ਗੁਰਪ੍ਰੀਤ ਸਿੰਘ ਸੇਠੀ ਅਤੇ ਜੀ.ਟੀ.ਰੋਡ ਸਕੂਲ ਦੇ ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਵੱਲੋਂ ਡਾ.ਗੁਰਨਾਮ ਸਿੰਘ ਦੀਆਂ ਸੇਵਾਵਾਂ ਅਤੇ ਅਧਿਆਪਕ ਸਾਹਿਬਾਨ ਨੂੰ ਗੁਰਮਤਿ ਸੰਗੀਤ ਦੇ ਹਰੇਕ ਪਹਿਲੂ ਤੋਂ ਸੁਚੱਜੇ ਢੰਗ ਨਾਲ ਜਾਣੂ ਕਰਵਾਉਣ ਅਤੇ ਉਹਨਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਸਨਮਾਨਿਤ ਕੀਤਾ ਗਿਆ। ਇਹਨਾਂ ਦੇ ਨਾਲ ਅਤੇ ਸਿਖਿਆਰਥੀ ਸ੍ਰ.ਗੁਰਮੀਤ ਸਿੰਘ (ਅਸਿਸਟੈਂਟ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ) ਸ੍ਰ.ਸਵਰਜੀਤ ਸਿੰਘ ਅਤੇ ਸ੍ਰ.ਹਰਦੇਵ ਸਿੰਘ ਤਬਲਾ ਅਧਿਆਪਕ ਨੂੰ ਵੀ ਸਨਮਾਨਿਤ ਕੀਤਾ ਗਿਆ। ਡਾ.ਗੁਰਨਾਮ ਸਿੰਘ ਵੱਲੋਂ ਗੁਰਮਤਿ ਸੰਗੀਤ ਵਰਕਸ਼ਾਪ ਦੇ ਆਯੋਜਨ ਲਈ ਪ੍ਰੋ.ਹਰੀ ਸਿੰਘ, ਸੰਗੀਤ ਵਿਭਾਗ ਦੇ ਮੁੱਖੀ ਸ੍ਰੀਮਤੀ ਪ੍ਰਭਜੋਤ ਕੌਰ ਅਤੇ ਸਮੂਹ ਸੰਗੀਤ ਅਧਿਆਪਕਾਂ ਦੀ ਸ਼ਲਾਘਾ ਕੀਤੀ ਗਈ। ਏਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ ਨੇ ਗੁਰਮਤਿ ਸੰਗੀਤ ਵਿਧਾਨ ਸੰਬੰਧੀ ਵੱਡਮੁਲੀ ਜਾਣਕਾਰੀ ਦੇਣ ਲਈ ਡਾ.ਗੁਰਨਾਮ ਸਿੰਘ ਅਤੇ ਵਰਕਸ਼ਾਪ ਵਿਚ ਸ਼ਾਮਲ ਅਧਿਆਪਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਹ ਜਾਣਕਾਰੀ ਅਧਿਆਪਕਾਂ ਲਈ ਬਹੁਤ ਲਾਹੇਵੰਦ ਰਹੇਗੀ।

## ਦਸਤਾਰਧਾਰੀ ਸਰਦਾਰ ਬੰਗਾ ਵਿਸ਼ਵ ਬੈਂਕ ਦੇ ਮੁੱਖੀ ਨਿਯੁਕਤ<br>ਦੀਵਾਨ ਦੇ ਅਹੁਦੇਦਾਰਾਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦਿੱਤੀ ਵਧਾਈ

ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਵੱਲੋਂ ਸ੍ਰ.ਅਜੇਪਾਲ ਸਿੰਘ ਬੰਗਾ ਨੂੰ ਵਿਸ਼ਵ ਬੈਂਕ ਦਾ ਮੁਖੀ ਨਿਯੁਕਤ ਕੀਤੇ ਜਾਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਜਾਰੀ ਬਿਆਨ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਕੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਖੁਸ਼ੀ ਅਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਵਿਸ਼ਵ ਬੈਂਕ ਵਰਗੀ ਵੱਕਾਰੀ ਸੰਸਥਾ ਦਾ ਚੇਅਰਮੈਨ ਬਨਣਾ ਕੋਈ ਸਧਾਰਨ ਗੱਲ ਨਹੀਂ ਹੈ। ਸ੍ਰ.ਅਜੇਪਾਲ ਸਿੰਘ ਬੰਗਾ ਵਲੋਂ ਆਪਣੀ ਵਿਲੱਖਣ ਲਿਆਕਤ ਸਦਕਾ ਇਸ ਸਤਿਕਾਰਤ ਅਹੁਦੇ ਤੇ ਬਿਰਾਜਮਾਨ ਹੋਕੇ ਸਮੁੱਚੇ ਵਿਸ਼ਵ ਦੀ ਆਰਥਿਕਤਾ ਦੀ ਵਾਗ ਡੋਰ ਨੂੰ ਸੰਭਾਲਣ ਨਾਲ ਸਿੱਖ ਕੌਮ ਦਾ ਮਾਣ ਸਨਮਾਨ ਹੋਰ ਵੀ ਉਚਾ ਹੋਇਆ ਹੈ ਜਿਸ ਨੇ ਸਮੁੱਚੇ ਵਿਸ਼ਵ ਵਿਚ ਸਰਦਾਰ ਅਤੇ ਦਸਤਾਰ ਦਾ ਰੁਤਬਾ ਹੋਰ ਵਧਾ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਭਾਰਤ ਸਰਕਾਰ ਤੋ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਤ ਅਤੇ ਮਾਸਟਰਕਾਰਡ ਦੇ ਸੀ.ਈ.ਓ ਅਤੇ ਹੋਰਨਾਂ ਸਨਮਾਨਿਤ ਅਹੁਦਿਆਂ ਤੇ ਕੰਮ ਕਰ ਚੁੱਕੇ ਸ੍ਰ.ਅਜੇਪਾਲ ਸਿੰਘ ਬੰਗਾ ਨੂੰ ਵਿਸ਼ਵ ਵਿੱਤੀ ਬੈਂਕ ਦੇ ਪਹਿਲੇ ਸਿੱਖ ਚੇਅਰਮੈਨ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਸ੍ਰ. ਬੰਗਾ ਨੂੰ ਯੁਵਾ ਪੀੜ੍ਹੀ ਲਈ ਪ੍ਰੇਰਣਾ ਸਰੋਤ ਦੱਸਿਆ।








## ਕੈਨੇਡਾ ਦੀ ਸੰਸਥਾ ਵੱਲੋਂ ਡਾ.ਸਾਬਰ ਦਾ ਕੀਤਾ ਸਨਮਾਨ ਦੀਵਾਨ ਲਈ ਮਾਣ-ਡਾ.ਨਿੱਜਰ

ਗੁਰਮਤਿ ਸਾਹਿੱਤ ਬਾਰੇ ਖੋਜ਼ ਕਰਨ ਕਰਾਉਣ ਅਤੇ ਸਿੱਖੀ ਸਿੱਖਿਆ ਨੂੰ ਵਿਸ਼ਵ ਪੱਧਰ ਤੇ ਪ੍ਰਚਾਰਨ ਤੇ ਪ੍ਰਸਾਰਨ ਵਾਲੀਆਂ ਉੱਘੀਆਂ 30 ਸਖਸ਼ੀਅਤਾਂ ਨੂੰ ਕੈਨੇਡਾ ਦੀ ਪ੍ਰਸਿੱਧ ਸੰਸਥਾ ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਉਚੇਚੇ ਤੌਰ ਤੇ ਕੈਨੇਡਾ ਤੋ ਪਟਿਆਲਾ ਆ ਕੇ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ ਵਿਖੇ ਆ ਕੇ ਸਨਮਾਨਤ ਕੀਤਾ। ਇਹ ਸਨਮਾਨ ਪ੍ਰਸਿੱਧ ਮਹਾਂਪੁਰਸ ਪਦਮ ਸ੍ਰੀ ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਅਤੇ ਗੁਰੂ ਨਾਨਕ ਫਾਊਡੇਸ਼ਨ ਦੇ ਚੇਅਰਮੈਨ ਸ੍ਰ.ਗਿਆਨ ਸਿੰਘ ਸੰਧੂ ਨੇ ਆਪਣੇ ਕਰ ਕਮਲਾਂ ਨਾਲ ਪ੍ਰਦਾਨ ਕੀਤੇ।

ਡਾ.ਸਾਬਰ 10 ਸਾਲ ਰੋਜ਼ਾਨਾ ਕੌਮੀ ਦਰਦ ਅਖਬਾਰ ਦੇ ਮੈਨੇਜਿੰਗ ਐਡੀਟਰ ਹੋਣ ਦੇ ਨਾਲ 34 ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਬਤੌਰ ਪ੍ਰੋਫੈਸਰ ਅਤੇ ਚੇਅਰਮੈਨ ਭਗਤ ਰਵਿਦਾਸ ਜੀ ਚੇਅਰ, ਸ਼੍ਰੋਮਣੀ ਕਮੇਟੀ ਦੇ ਪੱਤਰ ਵਿਹਾਰ ਕੋਰਸ ਦੇ ਫਾਊਂਡਰ ਡਾਇਰੈਕਟਰ 7 ਸਾਲ ਸੇਵਾ ਕਰਨ ਉਪਰੰਤ ਪਿਛਲੇ 10 ਸਾਲ ਤੋ ਚੀਫ਼ ਖ਼ਾਲਸਾ ਦੀਵਾਨ ਦੇ ਪੱਤਰ ਨਿਰਗੁਣੀਆਰਾ ਅਤੇ ਖ਼ਾਲਸਾ ਐਡਵੋਕੇਟ ਦੇ ਬਤੌਰ ਸੰਪਾਦਕ ਸੇਵਾ ਨਿਭਾਅ ਰਹੇ ਹਨ। ਡਾ.ਸਾਬਰ ਦੀਆਂ 36 ਪੁਸਤਕਾਂ ਬਤੌਰ ਲੇਖਕ ਤੇ ਸੰਪਾਦਕ ਪ੍ਰਕਾਸ਼ਤ ਹਨ ਅਤੇ ਉਹ ਦੇਸ਼ ਵਿਦੇਸ਼ ਦੇ ਵੱਡੀ ਗਿਣਤੀ ਵਿਚ ਹੋਏ ਸੈਮੀਨਾਰਾਂ ਵਿਚ ਪੇਪਰ ਪੜ੍ਹ ਚੁੱਕੇ ਹਨ।




ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਵਿਕਰਾਂਤ ਅਤੇ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਾਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਐਡੀਸ਼ਨਲ ਸਕੱਤਰ ਸ੍ਰ.ਹਰਜੀਤ ਸਿੰਘ ਅਤੇ ਸ੍ਰ.ਜਸਪਾਲ ਸਿੰਘ ਢਿੱਲੋਂ ਆਦਿ ਨੇ ਇਸ ਸਨਮਾਨ ਲਈ ਡਾ.ਸਾਬਰ ਨੂੰ ਵਧਾਈ ਦਿੰਦਿਆਂ ਆਖਿਆ ਕਿ ਡਾ.ਸਾਬਰ ਦਾ ਕੈਨੇਡਾ ਦੀ ਸੰਸਥਾ ਵਲੋ ਕੀਤਾ ਗਿਆ ਸਨਮਾਨ ਚੀਫ਼ ਖ਼ਾਲਸਾ ਦੀਵਾਨ ਲਈ ਬਹੁਤ ਮਾਣ ਵਾਲੀ ਗੱਲ ਹੈ।

## ਡਾ. ਸੂਬਾ ਸਿੰਘ ਦੀਵਾਨ ਦੇ ਅਦਾਲਤੀ ਮੁੱਕਦਮਿਆਂ ਦੀ ਪੈਰਵੀ ਕਰਨਗੇ

ਜਨਰਲ ਹਾਊਸ ਵਿਚ ਹੋਏ ਫੈਸਲੇ ਮੁਤਾਬਿਕ ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਡਾ.ਸੂਬਾ ਸਿੰਘ ਨੂੰ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚੱਲ ਰਹੇ ਅਦਾਰਿਆਂ ਦੇ ਦੀਵਾਨੀ ਦਾਅਵਿਆਂ, ਕਿਰਾਏ ਦੇ ਕੇਸਾਂ, ਅਜਰਾਅ ਵਾਲੇ ਹੋਰ ਫੁੱਟਕਲ ਮੁੱਕਦਿਆਂ ਦਾ ਜੁਆਬ ਦਾਅਵਾ ਦੇਣ ਹਿੱਤ ਪੈਰਵਾਈ ਕਰਨ ਦੀ ਸੇਵਾ ਸੌਂਪੀ ਗਈ। ਦੀਵਾਨ ਦੇ ਮੈਂਬਰ ਡਾ.ਸੂਬਾ ਸਿੰਘ (ਡਬਲ ਐਮ.ਏ, ਐਲ ਐਲ.ਬੀ, ਪੀ ਐਚ.ਡੀ) ਪੰਜਾਬੀ ਯੂਨੀਵਰਸਿਟੀ ਦੇ ਸੀਨੇਟ ਅਤੇ ਸਿੰਡੀਕੇਟ ਮੈਂਬਰ ਅਤੇ ਸਪੋਰਟਸ ਕਮੇਟੀ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ। ਪ੍ਰਿੰਸੀਪਲ ਦੇ ਅਹੁਦੇ ਤੋ ਰਿਟਾਇਰ ਡਾ.ਸੂਬਾ ਸਿੰਘ ਲੰਬੇ ਅਰਸੇ ਤੋ ਅੰਮ੍ਰਿਤਸਰ ਬਾਰ ਐਸੋਸੀਏਸ਼ਨ ਦੇ ਮੈਂਬਰ ਵੀ ਹਨ। ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਨੇ ਡਾ.ਸੂਬਾ ਸਿੰਘ ਨੂੰ ਜ਼ਿੰਮੇਵਾਰੀਆਂ ਸੌਂਪਦਿਆਂ ਆਸ ਕੀਤੀ ਕਿ ਉਸਾਰੂ ਪ੍ਰਬੰਧਕ ਨੀਤਿਆਂ ਦੇ ਮਾਲਕ ਅਤੇ ਕਾਨੂੰਨੀ ਮਾਹਰ ਡਾ.ਸੂਬਾ ਸਿੰਘ ਚੀਫ਼ ਖ਼ਾਲਸਾ ਦੀਵਾਨ ਦੇ ਅਦਾਲਤੀ ਸਿਵਲ ਕੋਰਟ ਕੇਸਾਂ ਦੇ ਮਸਲਿਆਂ ਨੂੰ ਬਹੁਤ ਯੋਜਨਾਬਧ ਤਰੀਕੇ ਨਾਲ ਸੁਲਝਾਉਂਦਿਆਂ ਕਾਨੂੰਨੀ ਖੇਤਰ ਵਿਚ ਦੀਵਾਨ ਦੀ ਸੁਚਾਰੂ ਢੰਗ ਨਾਲ ਪ੍ਰਤੀਨਿਧਤਾ ਕਰਨਗੇ। ਡਾ.ਸੂਬਾ ਸਿੰਘ ਨੇ ਦੀਵਾਨ ਪ੍ਰਬੰਧਕਾਂ ਨੂੰ ਉਹਨਾਂ ਦੀ ਕਾਬਲੀਅਤ ਤੇ ਵਿਸ਼ਵਾਸ ਰੱਖਦਿਆਂ ਇਹ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸੌਂਪੀ ਗਈ ਇਸ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੋਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀਸਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਰਮਣੀਕ ਸਿੰਘ ਫਰੀਡਮ, ਸ੍ਰ.ਪ੍ਰੇਮ ਸਿੰਘ, ਸ੍ਰ.ਗੁਰਿੰਦਰ ਸਿੰਘ ਢੀਂਗਰਾ ਆਦਿ ਮੈਂਬਰ ਹਾਜ਼ਰ ਸਨ।



Postal No. L-I/PB-ASR/0220/2022-2024

# ਗੁਰੂ ਸਾਹਿਬਾਨ ਅਤੇ ਪ੍ਰਸਿੱਧ ਇਤਿਹਾਸਕ ਸਥਾਨ



ਸ੍ਰੀ ਗੁਰੂ ਅੰਗਦ ਦੇਵ ਜੀ



ਗੁਰਦੁਆਰਾ ਸ੍ਰੀ ਖਡੂਰ ਸਾਹਿਬ



ਸ੍ਰੀ ਗੁਰੂ ਅਮਰਦਾਸ ਜੀ



ਗੁਰਦੁਆਰਾ ਸ੍ਰੀ ਬਾਉਲੀ ਸਾਹਿਬ



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਸ੍ਰੀ ਅਕਾਲ ਤਖਤ ਸਾਹਿਬ ਜੀ

Regd-RNI-64/57 ISSN - 2454-6488

ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-05-2023 ਨੂੰ ਜਾਰੀ ਕੀਤਾ ।